ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ; ਤੂ ਹੁਕਮਿ ਚਲਾਵਣਹਾਰਾ ॥ (635-3, ਸੋਰਠਿ, ਮਃ 1)

As You engage them, they receive the fruits of their rewards; You alone are the One who issues Your Commands.

ਸੇਵਾ ਕਰੀ , ਜੇ ਕਿਛੁ ਹੋਵੈ ਅਪਣਾ ; ਜੀਉ ਪਿੰਡੁ ਤੁਮਾਰਾ ॥ (635-4, ਸੋਰਠਿ, ਮਃ 1)

I would serve You, if anything were my own; my soul and body are Yours.

ਸਤਿਗੁਰਿ ਮਿਲਿਐ , ਕਿਰਪਾ ਕੀਨੀ ; ਅੰਮ੍ਰਿਤ ਨਾਮੁ ਅਧਾਰਾ ॥੭॥ (635-4, ਸੋਰਠਿ, ਮਃ 1)

One who meets with the True Guru, by His Grace, takes the Support of the Ambrosial Naam. ||7||

ਗਗਨੰਤਰਿ ਵਾਸਿਆ , ਗੁਣ ਪਰਗਾਸਿਆ ;
ਗੁਣ ਮਹਿ ਗਿਆਨ ਧਿਆਨੰ ॥ (635-5, ਸੋਰਠਿ, ਮਃ 1)

He dwells in the heavenly realms, and his virtues radiantly shine forth; meditation and spiritual wisdom are found in virtue.

ਨਾਮੁ ਮਨਿ ਭਾਵੈ , ਕਹੈ ਕਹਾਵੈ ; ਤਤੋ ਤਤੁ ਵਖਾਨੰ ॥ (635-6, ਸੋਰਠਿ, ਮਃ 1)

Almighty's Name (Naam) is pleasing to his mind; he speaks it, and causes others to speak it as well. He speaks the essential essence of wisdom.

ਸਬਦੁ ਗੁਰ ਪੀਰਾ , ਗਹਿਰ ਗੰਭੀਰਾ ; ਬਿਨੁ ਸਬਦੈ ਜਗੁ ਬਉਰਾਨੰ ॥ (635-6, ਸੋਰਠਿ, ਮਃ 1)

The Guru's Shabad (Gurbani) is his Guru and spiritual teacher, profound and unfathomable; without the Shabad, the world is insane.

ਪੂਰਾ ਬੈਰਾਗੀ , ਸਹਜਿ ਸੁਭਾਗੀ ; ਸਚੁ ਨਾਨਕ ਮਨੁ ਮਾਨੰ ॥੮॥੧॥ (635-7, ਸੋਰਠਿ, ਮਃ 1)

He is a perfect renunciate, naturally at ease, Guru Nanak says, whose mind is pleased with Almighty. ||8||1||

ਸੋਰਠਿ ; ਮਹਲਾ ੧ ਤਿਤੁਕੀ ॥ (635-7)

Sorath, First Mahala, Ti-Tukas:

ਆਸਾ ਮਨਸਾ ਬੰਧਨੀ ਭਾਈ ; ਕਰਮ ਧਰਮ ਬੰਧ ਕਾਰੀ ॥ (635-8, ਸੋਰਠਿ, ਮਃ 1)

Hope and desire are entrapments, Dear brother. Religious rituals and ceremonies are traps.

ਪਾਪਿ ਪੁੰਨਿ ਜਗੁ ਜਾਇਆ ਭਾਈ ; ਬਿਨਸੈ ਨਾਮੁ ਵਿਸਾਰੀ ॥ (635-8, ਸੋਰਠਿ, ਮਃ 1)

Because of good and bad deeds, one is born into the world, Dear brother; forgetting Almighty's Name (Naam), he is ruined.

ਇਹ ਮਾਇਆ ਜਗਿ ਮੋਹਣੀ ਭਾਈ ; ਕਰਮ ਸਭੇ ਵੇਕਾਰੀ ॥੧॥ (635-9, ਸੋਰਠਿ, ਮਃ 1)

This Maya is the enticer of the world, Dear brother; all the action under maya influence are useless. ||1||

ਸੁਣਿ ਪੰਡਿਤ ; ਕਰਮਾ ਕਾਰੀ ॥ (635-9, ਸੋਰਠਿ, ਮਃ 1)

Listen, O ritualistic Pandit:

ਜਿਤੁ ਕਰਮਿ ਸੁਖੁ ਊਪਜੈ ਭਾਈ ;
ਸੁ ਆਤਮ ਤਤੁ ਬੀਚਾਰੀ ॥ ਰਹਾਉ ॥ (635-10, ਸੋਰਠਿ, ਮਃ 1)

that religious ritual which produces happiness, Dear brother, is contemplation of the essence of the soul. ||Pause||

ਸਾਸਤੁ ਬੇਦੁ , ਬਕੈ ਖੜੋ ਭਾਈ ; ਕਰਮ ਕਰਹੁ ਸੰਸਾਰੀ ॥ (635-10, ਸੋਰਠਿ, ਮਃ 1)

You may stand and recite the Shaastras and the Vedas, Dear brother, but these are just worldly actions.

ਪਾਖੰਡਿ , ਮੈਲੁ ਨ ਚੂਕਈ ਭਾਈ ; ਅੰਤਰਿ ਮੈਲੁ ਵਿਕਾਰੀ ॥ (635-11, ਸੋਰਠਿ, ਮਃ 1)

Filth cannot be washed away by hypocrisy, Dear brother; the filth of evil desires and sin is within you.

ਇਨ ਬਿਧਿ ਡੂਬੀ ਮਾਕੁਰੀ ਭਾਈ ; ਊਂਡੀ ਸਿਰ ਕੈ ਭਾਰੀ ॥੨॥ (635-11, ਸੋਰਠਿ, ਮਃ 1)

This is how the spider is destroyed, Dear brother, by falling head-long in its own web. ||2||

ਦੁਰਮਤਿ ਘਣੀ ਵਿਗੂਤੀ ਭਾਈ ; ਦੂਜੈ ਭਾਇ ਖੁਆਈ ॥ (635-12, ਸੋਰਠਿ, ਮਃ 1)

So many are destroyed by their own evil-mindedness, Dear brother; in the love of duality, they are ruined.

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ;
ਬਿਨੁ ਨਾਮੈ ਭਰਮੁ ਨ ਜਾਈ ॥ (635-12, ਸੋਰਠਿ, ਮਃ 1)

Without the True Guru, the Name is not obtained, Dear brother; without the Name, illusion does not depart.

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ; ਆਵਣੁ ਜਾਣੁ ਰਹਾਈ ॥੩॥ (635-13, ਸੋਰਠਿ, ਮਃ 1)

If one serves the True Guru, then he obtains peace, Dear brother; his comings and goings are ended. ||3||

ਸਾਚੁ ਸਹਜੁ ਗੁਰ ਤੇ ਊਪਜੈ ਭਾਈ ; ਮਨੁ ਨਿਰਮਲੁ ਸਾਚਿ ਸਮਾਈ ॥(635-13, ਸੋਰਠਿ, ਮਃ 1)

True celestial peace comes from the Guru, Dear brother; the immaculate mind is absorbed into the Almighty.

ਗੁਰੁ ਸੇਵੇ , ਸੋ ਬੂਝੈ ਭਾਈ ; ਗੁਰ ਬਿਨੁ ਮਗੁ ਨ ਪਾਈ ॥ (635-14, ਸੋਰਠਿ, ਮਃ 1)

One who serves the Guru, understands, Dear brother; without the Guru, the way is not found.

ਜਿਸੁ ਅੰਤਰਿ ਲੋਭੁ, ਕਿ ਕਰਮ ਕਮਾਵੈ ਭਾਈ ;
ਕੂੜੁ ਬੋਲਿ ਬਿਖੁ ਖਾਈ ॥੪॥ (635-14, ਸੋਰਠਿ, ਮਃ 1)

What can anyone do, with greed within? Dear brother, by telling lies, they eat poison. ||4||

ਪੰਡਿਤ ਦਹੀ ਵਿਲੋਈਐ ਭਾਈ ; ਵਿਚਹੁ ਨਿਕਲੈ ਤਥੁ ॥ (635-15, ਸੋਰਠਿ, ਮਃ 1)

O Pandit, by churning cream, butter is produced.

ਜਲੁ ਮਥੀਐ ਜਲੁ ਦੇਖੀਐ ਭਾਈ ; ਇਹੁ ਜਗੁ ਏਹਾ ਵਥੁ ॥ (635-16, ਸੋਰਠਿ, ਮਃ 1)

By churning water, you shall only see water, Dear brother; this world is like that.

ਗੁਰ ਬਿਨੁ ਭਰਮਿ ਵਿਗੁਚੀਐ ਭਾਈ ;
ਘਟਿ ਘਟਿ ਦੇਉ ਅਲਖੁ ॥੫॥ (ਅਲੱਖੁ ਬੋਲੋ) (635-16, ਸੋਰਠਿ, ਮਃ 1)

Without the Guru, he is ruined by doubt, Dear brother; the unseen Divine Lord is in each and every heart. ||5||

ਇਹੁ ਜਗੁ ਤਾਗੋ ਸੂਤ ਕੋ ਭਾਈ ; ਦਹ ਦਿਸ ਬਾਧੋ ਮਾਇ ॥ (635-17, ਸੋਰਠਿ, ਮਃ 1)

This world is like a thread of cotton, Dear brother, which Maya has tied on all ten sides.

ਬਿਨੁ ਗੁਰ ਗਾਠਿ ਨ ਛੂਟਈ ਭਾਈ ; ਥਾਕੇ ਕਰਮ ਕਮਾਇ ॥ (635-17, ਸੋਰਠਿ, ਮਃ 1)

Without the Guru, the knots cannot be untied, Dear brother; I am so tired of religious rituals.

ਇਹੁ ਜਗੁ ਭਰਮਿ ਭੁਲਾਇਆ ਭਾਈ ; ਕਹਣਾ ਕਿਛੂ ਨ ਜਾਇ ॥੬॥ (635-18, ਸੋਰਠਿ, ਮਃ 1)

This world is deluded by doubt, Dear brother; no one can say anything about it. ||6||

ਗੁਰ ਮਿਲਿਐ ਭਉ ਮਨਿ ਵਸੈ ਭਾਈ ; ਭੈ ਮਰਣਾ ਸਚੁ ਲੇਖੁ ॥ (635-18, ਸੋਰਠਿ, ਮਃ 1)

Meeting with the Guru, the Fear of God comes to abide in the mind; to die in the Fear of God is one's true destiny.

ਮਜਨੁ ਦਾਨੁ ਚੰਗਿਆਈਆ ਭਾਈ ; (ਮੱਜਨੁ ਬੋਲੋ)
ਦਰਗਹ ਨਾਮੁ ਵਿਸੇਖੁ ॥ (635-19, ਸੋਰਠਿ, ਮਃ 1)

In the Almighty's Court, Almighty's Name (Naam) is far superior to ritualistic cleansing baths, charity and good deeds, Dear brother.

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ;
ਮਨਿ ਵਸਿਆ ਚੂਕਾ ਭੇਖੁ ॥੭॥ (636-1, ਸੋਰਠਿ, ਮਃ 1)

One who implants Almighty's Name (Naam) within himself, through the Guru's halter - Dear brother, Almighty dwells in his mind, and he is free of hypocrisy. ||7||

ਇਹੁ ਤਨੁ ਹਾਟੁ ਸਰਾਫ ਕੋ ਭਾਈ ; ਵਖਰੁ ਨਾਮੁ ਅਪਾਰੁ ॥ (636-1, ਸੋਰਠਿ, ਮਃ 1)

This body is the jeweller's shop, Dear brother; the incomparable Naam is the merchandise.

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ; ਗੁਰ ਸਬਦਿ ਕਰੇ ਵੀਚਾਰੁ ॥ (636-2, ਸੋਰਠਿ, ਮਃ 1)

The merchant secures this merchandise, Dear brother, by contemplating the Guru's Shabad.

ਧਨੁ ਵਾਪਾਰੀ ਨਾਨਕਾ ਭਾਈ ; ਮੇਲਿ ਕਰੇ ਵਾਪਾਰੁ ॥੮॥੨॥ (636-2, ਸੋਰਠਿ, ਮਃ 1)

Blessed is the merchant, Guru Nanak says, who meets the Guru, and engages in this trade. ||8||2||

ਸੋਰਠਿ , ਮਹਲਾ ੧ ॥ (636-3)

Sorath, First Mahala:

ਜਿਨੀ ਸਤਿਗੁਰੁ ਸੇਵਿਆ ਪਿਆਰੇ ; ਤਿਨ੍ ਕੇ ਸਾਥ ਤਰੇ ॥ (636-3, ਸੋਰਠਿ, ਮਃ 1)

Those who serve the True Guru, O Beloved, their companions are saved as well.

ਤਿਨਾ ਠਾਕ ਨ ਪਾਈਐ ਪਿਆਰੇ ; ਅੰਮ੍ਰਿਤ ਰਸਨ ਹਰੇ ॥ (636-4, ਸੋਰਠਿ, ਮਃ 1)

No one blocks their way, O Beloved, and Almighty's Ambrosial Nectar is on their tongue.

ਬੂਡੇ ਭਾਰੇ ਭੈ ਬਿਨਾ ਪਿਆਰੇ ; ਤਾਰੇ ਨਦਰਿ ਕਰੇ ॥੧॥ (636-4, ਸੋਰਠਿ, ਮਃ 1)

Without the Fear of God, they are so heavy that they sink and drown, O Beloved; but Almighty, casting His Glance of Grace, carries them across. ||1||

ਭੀ ਤੂਹੈ ਸਾਲਾਹਣਾ ਪਿਆਰੇ ; ਭੀ ਤੇਰੀ ਸਾਲਾਹ ॥ (636-5, ਸੋਰਠਿ, ਮਃ 1)

I ever praise You, O Beloved, I ever sing Your Praises.

ਵਿਣੁ ਬੋਹਿਥ ਭੈ ਡੁਬੀਐ ਪਿਆਰੇ ;
ਕੰਧੀ ਪਾਇ ਕਹਾਹ ॥੧॥ ਰਹਾਉ ॥ (636-5, ਸੋਰਠਿ, ਮਃ 1)

Without the boat, one is drowned in the sea of fear, O Beloved; how can I reach the distant shore? ||1||Pause||

ਸਾਲਾਹੀ ਸਾਲਾਹਣਾ ਪਿਆਰੇ ; ਦੂਜਾ ਅਵਰੁ ਨ ਕੋਇ ॥ (636-6, ਸੋਰਠਿ, ਮਃ 1)

I praise the Praiseworthy Lord, O Beloved; there is no other one to praise.

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ;
ਸਬਦਿ ਰਤੇ ਰੰਗੁ ਹੋਇ ॥ (ਰੱਤੇ ਬੋਲੋ) (636-6, ਸੋਰਠਿ, ਮਃ 1)

Those who praise my God are good, O Beloved; they are imbued with the Guru's Shabad (Gurbani), and His Love.

ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ; ਰਸੁ ਲੈ ਤਤੁ ਵਿਲੋਇ ॥੨॥ (636-7, ਸੋਰਠਿ, ਮਃ 1)

If I join them, O Beloved, I can churn the essence and so find joy. ||2||

ਪਤਿ ਪਰਵਾਨਾ ਸਾਚ ਕਾ ਪਿਆਰੇ ; ਨਾਮੁ ਸਚਾ ਨੀਸਾਣੁ ॥ (636-7, ਸੋਰਠਿ, ਮਃ 1)

The gateway to honor is Truth, O Beloved; it bears the Insignia of the True Almighty's Name (Naam).

ਆਇਆ ਲਿਖਿ ਲੈ ਜਾਵਣਾ ਪਿਆਰੇ ; ਹੁਕਮੀ ਹੁਕਮੁ ਪਛਾਣੁ ॥ (636-8, ਸੋਰਠਿ, ਮਃ 1)

We come into the world, and we depart, with our destiny written and pre-ordained, O Beloved; realize the Command of the Commander.

ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ; ਸਾਚੇ ਸਾਚਾ ਤਾਣੁ ॥੩॥ (636-8, ਸੋਰਠਿ, ਮਃ 1)

Without the Guru, this Command is not understood, O Beloved; True is the Power of Almighty. ||3||

ਹੁਕਮੈ ਅੰਦਰਿ ਨਿੰਮਿਆ ਪਿਆਰੇ ; ਹੁਕਮੈ ਉਦਰ ਮਝਾਰਿ ॥ (636-9, ਸੋਰਠਿ, ਮਃ 1)

By His Command, we are conceived, O Beloved, and by His Command, we grow in the womb.

ਹੁਕਮੈ ਅੰਦਰਿ ਜੰਮਿਆ ਪਿਆਰੇ ; ਊਧਉ ਸਿਰ ਕੈ ਭਾਰਿ ॥ (636-9, ਸੋਰਠਿ, ਮਃ 1)

By His Command, we are born, O Beloved, head-first, and upside-down.

ਗੁਰਮੁਖਿ ਦਰਗਹ ਜਾਣੀਐ ਪਿਆਰੇ ; ਚਲੈ ਕਾਰਜ ਸਾਰਿ ॥੪॥ (636-10, ਸੋਰਠਿ, ਮਃ 1)

The Gurmukh is honored in the Almighty's Court, O Beloved; he departs after resolving his affairs. ||4||

ਹੁਕਮੈ ਅੰਦਰਿ ਆਇਆ ਪਿਆਰੇ ; ਹੁਕਮੇ ਜਾਦੋ ਜਾਇ ॥ (636-11, ਸੋਰਠਿ, ਮਃ 1)

By His Command, one comes into the world, O Beloved, and by His Will, he goes.

ਹੁਕਮੇ ਬੰਨ੍ਹਿ ਚਲਾਈਐ ਪਿਆਰੇ ; ਮਨਮੁਖਿ ਲਹੈ ਸਜਾਇ ॥ (636-11, ਸੋਰਠਿ, ਮਃ 1)

By His Will, some are bound and gagged and driven away, O Beloved; the self-willed manmukhs suffer their punishment.

ਹੁਕਮੇ ਸਬਦਿ ਪਛਾਣੀਐ ਪਿਆਰੇ ; ਦਰਗਹ ਪੈਧਾ ਜਾਇ ॥੫॥ (636-12, ਸੋਰਠਿ, ਮਃ 1)

By His Command, the Guru's Shabad (Gurbani), is realized, O Beloved, and one goes to the Almighty's Court robed in honor. ||5||

ਹੁਕਮੇ ਗਣਤ ਗਣਾਈਐ ਪਿਆਰੇ ; ਹੁਕਮੇ ਹਉਮੈ ਦੋਇ ॥ (636-12, ਸੋਰਠਿ, ਮਃ 1)

By His Command, some accounts are accounted for, O Beloved; by His Command, some suffer in egotism and duality.

ਹੁਕਮੇ ਭਵੈ ਭਵਾਈਐ ਪਿਆਰੇ ; ਅਵਗਣਿ ਮੁਠੀ ਰੋਇ ॥ (636-13, ਸੋਰਠਿ, ਮਃ 1)

By His Command, one wanders in reincarnation, O Beloved; deceived by sins and demerits, he cries out in his suffering.

ਹੁਕਮੁ ਸਿਞਾਪੈ ਸਾਹ ਕਾ ਪਿਆਰੇ ;
ਸਚੁ ਮਿਲੈ ਵਡਿਆਈ ਹੋਇ ॥੬॥ (636-13, ਸੋਰਠਿ, ਮਃ 1)

If he comes to realize the Command of Almighty's Will, O Beloved, then he is blessed with Truth and Honor. ||6||

ਆਖਣਿ ਅਉਖਾ ਆਖੀਐ ਪਿਆਰੇ ; ਕਿਉ ਸੁਣੀਐ ਸਚੁ ਨਾਉ ॥ (636-14, ਸੋਰਠਿ, ਮਃ 1)

It is so difficult to speak it, O Beloved; how can we speak, and hear, the True Name?

ਜਿਨ੍ਹੀ ਸੋ ਸਾਲਾਹਿਆ ਪਿਆਰੇ ; ਹਉ ਤਿਨ੍ ਬਲਿਹਾਰੈ ਜਾਉ ॥ (636-14, ਸੋਰਠਿ, ਮਃ 1)

I am a sacrifice to those who praise Almighty, O Beloved.

ਨਾਉ ਮਿਲੈ ਸੰਤੋਖੀਆਂ ਪਿਆਰੇ ; ਨਦਰੀ ਮੇਲਿ ਮਿਲਾਉ ॥੭॥ (636-15, ਸੋਰਠਿ, ਮਃ 1)

I have obtained the Name, and I am satisfied, O Beloved; by His Grace, I am united in His Union. ||7||

ਕਾਇਆ ਕਾਗਦੁ ਜੇ ਥੀਐ ਪਿਆਰੇ ; ਮਨੁ ਮਸਵਾਣੀ ਧਾਰਿ ॥ (636-16, ਸੋਰਠਿ, ਮਃ 1)

If my body were to become the paper, O Beloved, and my mind the inkpot;

ਲਲਤਾ ਲੇਖਣਿ ਸਚ ਕੀ ਪਿਆਰੇ ; ਹਰਿ ਗੁਣ ਲਿਖਹੁ ਵੀਚਾਰਿ ॥ (636-16, ਸੋਰਠਿ, ਮਃ 1)

and if my tongue became the pen, O Beloved, I would write, and contemplate, the Praises of Almighty's virtues.

ਧਨੁ ਲੇਖਾਰੀ ਨਾਨਕਾ ਪਿਆਰੇ ; ਸਾਚੁ ਲਿਖੈ ਉਰਿ ਧਾਰਿ ॥੮॥੩॥ (636-17, ਸੋਰਠਿ, ਮਃ 1)

Blessed is that scribe, Guru Nanak says, who writes the True Name, and enshrines it within his heart. ||8||3||

ਸੋਰਠਿ , ਮਹਲਾ ੧ ਪਹਿਲਾ ਦੁਤੁਕੀ ॥ (636-17)

Sorath, First Mahala, Du-Tukas:

ਤੂ ਗੁਣ ਦਾਤੌ ਨਿਰਮਲੋ ਭਾਈ ; ਨਿਰਮਲੁ ਨਾ ਮਨੁ ਹੋਇ ॥ (636-18, ਸੋਰਠਿ, ਮਃ 1)

You are the Giver of virtue, O Immaculate Lord, but my mind is not immaculate, Dear brother.

ਹਮ ਅਪਰਾਧੀ ਨਿਰਗੁਣੇ ਭਾਈ ; ਤੁਝ ਹੀ ਤੇ ਗੁਣੁ ਸੋਇ ॥੧॥ (636-18, ਸੋਰਠਿ, ਮਃ 1)

I am a worthless sinner, Dear brother; virtue is obtained from You alone, Lord. ||1||

ਮੇਰੇ ਪ੍ਰੀਤਮਾ ; ਤੂ ਕਰਤਾ ਕਰਿ ਵੇਖੁ ॥ (636-19, ਸੋਰਠਿ, ਮਃ 1)

O my Beloved Creator Lord, You create, and You behold.

ਹਉ ਪਾਪੀ ਪਾਖੰਡੀਆ ਭਾਈ ;
ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥ (636-19, ਸੋਰਠਿ, ਮਃ 1)

I am a hypocritical sinner, Dear brother. Bless my mind and body with Your Name, Dear Almighty. ||Pause||

ਬਿਖੁ ਮਾਇਆ ਚਿਤੁ ਮੋਹਿਆ ਭਾਈ ; ਚਤੁਰਾਈ ਪਤਿ ਖੋਇ ॥ (637-1, ਸੋਰਠਿ, ਮਃ 1)

The poisonous Maya has enticed the consciousness, Dear brother; through clever tricks, one loses his honor.

ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ; ਜੇ ਗੁਰ ਗਿਆਨੁ ਸਮੋਇ ॥੨॥ (637-1, ਸੋਰਠਿ, ਮਃ 1)

Almighty and Master abides in the consciousness, Dear brother, if the Guru's spiritual wisdom permeates it. ||2||

ਰੂੜੌ ਰੂੜੌ ਆਖੀਐ ਭਾਈ ; ਰੂੜੌ ਲਾਲ , ਚਲੂਲੁ ॥ (637-2, ਸੋਰਠਿ, ਮਃ 1)

Beautiful, beautiful, Almighty is called, Dear brother; beautiful, like the deep crimson color of the poppy.

ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ; ਦਰਿ ਘਰਿ ਸਾਚੁ ਅਭੂਲੁ ॥੩॥(637-2, ਸੋਰਠਿ, ਮਃ 1)

If man loves Almighty with detachment, Dear brother, he is judged to be true and infallible in Almighty's court and home. ||3||

ਪਾਤਾਲੀ ਆਕਾਸਿ ਤੂ ਭਾਈ ; ਘਰਿ ਘਰਿ ਤੂ ਗੁਣ ਗਿਆਨੁ ॥ (637-3, ਸੋਰਠਿ, ਮਃ 1)

You are pervading the realms of the underworld and the heavenly skies; Your wisdom and glories are in each and every heart.

ਗੁਰ ਮਿਲਿਐ ਸੁਖੁ ਪਾਇਆ ਭਾਈ ; ਚੂਕਾ ਮਨਹੁ ਗੁਮਾਨੁ ॥੪॥ (637-3, ਸੋਰਠਿ, ਮਃ 1)

Meeting with the Guru, one finds peace, Dear brother, and pride is dispelled from the mind. ||4||

ਜਲਿ ਮਲਿ ਕਾਇਆ ਮਾਜੀਐ ਭਾਈ ; (ਮਾਂਜੀਐ ਬੋਲੋ)
ਭੀ ਮੈਲਾ ਤਨੁ ਹੋਇ ॥ (637-4, ਸੋਰਠਿ, ਮਃ 1)

Scrubbing with water, the body can be cleaned, Dear brother, but the body becomes dirty again.

ਗਿਆਨਿ ਮਹਾ ਰਸਿ ਨਾਈਐ ਭਾਈ ; (ਨ੍ਹਾਈਐ ਬੋਲੋ)
ਮਨੁ ਤਨੁ ਨਿਰਮਲੁ ਹੋਇ ॥੫॥ (637-5, ਸੋਰਠਿ, ਮਃ 1)

Bathing in the supreme essence of spiritual wisdom, Dear brother, the mind and body become pure. ||5||

ਦੇਵੀ ਦੇਵਾ ਪੂਜੀਐ ਭਾਈ ; ਕਿਆ ਮਾਗਉ ਕਿਆ ਦੇਹਿ ॥ (637-5, ਸੋਰਠਿ, ਮਃ 1)

Why worship gods and goddesses, Dear brother? What can we ask of them? What can they give us?

ਪਾਹਣੁ ਨੀਰਿ ਪਖਾਲੀਐ ਭਾਈ ; ਜਲ ਮਹਿ ਬੂਡਹਿ ਤੇਹਿ ॥੬॥ (637-6, ਸੋਰਠਿ, ਮਃ 1)

The stone gods are washed with water, Dear brother, but they just sink in the water. ||6||

ਗੁਰ ਬਿਨੁ ਅਲਖੁ ਨ ਲਖੀਐ ਭਾਈ ; **(ਅਲੱਖੁ ਬੋਲੋ)**
ਜਗੁ ਬੂਡੈ ਪਤਿ ਖੋਇ ॥ (637-6, ਸੋਰਠਿ, ਮਃ 1)

Without the Guru, the unseen Lord cannot be seen, Dear brother; the world is drowning, having lost its honor.

ਮੇਰੇ ਠਾਕੁਰ ਹਾਥਿ ਵਡਾਈਆ ਭਾਈ ; ਜੈ ਭਾਵੈ ਤੈ ਦੇਇ ॥੭॥ (637-7, ਸੋਰਠਿ, ਮਃ 1)

Greatness is in the hands of my Master, Dear brother; as He is pleased, He gives. ||7||

ਬਈਅਰਿ ਬੋਲੈ ਮੀਠੁਲੀ ਭਾਈ ; ਸਾਚੁ ਕਹੈ ਪਿਰ ਭਾਇ ॥ (637-7, ਸੋਰਠਿ, ਮਃ 1)

That soul-bride, who talks sweetly and speaks the Truth, Dear brother, becomes pleasing to her Husband Lord.

ਬਿਰਹੈ ਬੇਧੀ ਸਚਿ ਵਸੀ ਭਾਈ ; ਅਧਿਕ ਰਹੀ ਹਰਿ ਨਾਇ ॥੮॥ (637-8, ਸੋਰਠਿ, ਮਃ 1)

Pierced by His Love, she abides in Truth, Dear brother, deeply imbued with the Almighty's Name. ||8||

ਸਭੁ ਕੋ ਆਖੈ ਆਪਣਾ ਭਾਈ ; ਗੁਰ ਤੇ ਬੁਝੈ ਸੁਜਾਨੁ ॥ **(ਬੁੱਝੈ ਬੋਲੋ)** (637-9, ਸੋਰਠਿ, ਮਃ 1)

Everyone calls God his own, Dear brother, but the all-knowing Lord is known only through the Guru.

ਜੋ ਬੀਧੇ ਸੇ ਊਬਰੇ ਭਾਈ ; ਸਬਦੁ ਸਚਾ ਨੀਸਾਨੁ ॥੯॥ (637-9, ਸੋਰਠਿ, ਮਃ 1)

Those who are pierced by His Love are saved, Dear brother; they bear the Insignia of the True Guru's Shabad (Gurbani). ||9||

ਈਧਨੁ ਅਧਿਕ ਸਕੇਲੀਐ ਭਾਈ ; ਪਾਵਕੁ ਰੰਚਕ ਪਾਇ ॥ (637-10, ਸੋਰਠਿ, ਮਃ 1)

A large pile of firewood, Dear brother, will burn if a small fire is applied.

ਖਿਨੁ ਪਲੁ, ਨਾਮੁ ਰਿਦੈ ਵਸੈ ਭਾਈ ;
ਨਾਨਕ ਮਿਲਣੁ ਸੁਭਾਇ ॥੧੦॥੪॥ (637-10, ਸੋਰਠਿ, ਮਃ 1)

In the same way, if Almighty's Name (Naam), dwells in the heart for a moment, even for an instant, Dear brother, then one meets Almighty with ease, O Nanak. ||10||4||

ਸੋਰਠਿ , ਮਹਲਾ ੩ ; ਘਰੁ ੧ , ਤਿਤੁਕੀ (637-12)

Sorath, Third Mahala, First House, Ti-Tukas:

ੴ ; ਸਤਿਗੁਰ ਪ੍ਰਸਾਦਿ ॥ (637-12)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਭਗਤਾ ਦੀ ਸਦਾ ਤੂ ਰਖਦਾ , ਹਰਿ ਜੀਉ ;
ਧੁਰਿ ਤੂ ਰਖਦਾ ਆਇਆ ॥ (637-13, ਸੋਰਠਿ, ਮਃ 3)

You always preserve the honor of Your devotees, Dear Almighty; You have protected them from the very beginning of time.

ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ;
ਹਰਣਾਖਸੁ ਮਾਰਿ ਪਚਾਇਆ ॥ (637-13, ਸੋਰਠਿ, ਮਃ 3)

You protected Your servant Prahlaad, Dear Almighty, and annihilated Harnaakhash.

ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ;
ਮਨਮੁਖ ਭਰਮਿ ਭੁਲਾਇਆ ॥੧॥ (637-14, ਸੋਰਠਿ, ਮਃ 3)

The Gurmukhs place their faith in the Dear Lord, but the self-willed manmukhs are deluded by doubt. ||1||

ਹਰਿ ਜੀ ; ਏਹ ਤੇਰੀ ਵਡਿਆਈ ॥ (637-15, ਸੋਰਠਿ, ਮਃ 3)

Dear Almighty, this is Your Glory.

ਭਗਤਾ ਕੀ ਪੈਜ , ਰਖੁ ਤੂ ਸੁਆਮੀ ;
ਭਗਤ ਤੇਰੀ ਸਰਣਾਈ ॥ ਰਹਾਉ ॥ (637-15, ਸੋਰਠਿ, ਮਃ 3)

You preserve the honor of Your devotees, Dear Almighty; Your devotees seek Your Sanctuary. ||Pause||

ਭਗਤਾ ਨੋ ਜਮੁ ਜੋਹਿ ਨ ਸਾਕੈ ; ਕਾਲੁ ਨ ਨੇੜੈ ਜਾਈ ॥ (637-15, ਸੋਰਠਿ, ਮਃ 3)

The Messenger of Death cannot touch Your devotees; death cannot even approach them.

ਕੇਵਲ ਰਾਮ ਨਾਮੁ ਮਨਿ ਵਸਿਆ ; ਨਾਮੇ ਹੀ ਮੁਕਤਿ ਪਾਈ ॥ (637-16, ਸੋਰਠਿ, ਮਃ 3)

The Almighty's Name (Naam) alone abides in their minds; through Almighty's Name (Naam), they find liberation.

ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ;
ਗੁਰ ਕੈ ਸਹਜਿ ਸੁਭਾਈ ॥੨॥ (637-16, ਸੋਰਠਿ, ਮਃ 3)

Wealth and all the spiritual powers of the Siddhis fall at the feet of Almighty's devotees; they obtain peace and poise from the Guru. ||2||

ਮਨਮੁਖਾ ਨੋ ਪਰਤੀਤਿ ਨ ਆਵੀ ; ਅੰਤਰਿ ਲੋਭ ਸੁਆਉ ॥ (637-17, ਸੋਰਠਿ, ਮਃ 3)

The self-willed manmukhs have no faith; they are filled with greed and self-interest.

ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ; ਹਰਿ ਨਾਮਿ ਨ ਲਾਗਾ ਭਾਉ ॥ (637-18, ਸੋਰਠਿ, ਮਃ 3)

They are not Gurmukh - they do not understand the Guru's Shabad (Gurbani) in their hearts; they do not love Almighty's Name (Naam).

ਕੂੜ ਕਪਟ ਪਾਜੁ ਲਹਿ ਜਾਸੀ ; ਮਨਮੁਖ ਫੀਕਾ ਅਲਾਉ ॥੩॥ (637-18, ਸੋਰਠਿ, ਮਃ 3)

Their masks of falsehood and hypocrisy shall fall off; the self-willed manmukhs speak with insipid words. ||3||

ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ; ਭਗਤੀ ਹੂ ਤੂ ਜਾਤਾ ॥ (637-19, ਸੋਰਠਿ, ਮਃ 3)

You are pervading through Your devotees, O Dear God; through Your devotees, You are known.

ਮਾਇਆ ਮੋਹ ਸਭ ਲੋਕ ਹੈ ਤੇਰੀ ; ਤੂ ਏਕੋ ਪੁਰਖੁ ਬਿਧਾਤਾ ॥ (637-19, ਸੋਰਠਿ, ਮਃ 3)

All the people are enticed by Maya; they are Yours, Lord - You alone are the Architect of Destiny.

ਹਉਮੈ ਮਾਰਿ ਮਨਸਾ ਮਨਹਿ ਸਮਾਣੀ ; ਗੁਰ ਕੈ ਸਬਦਿ ਪਛਾਤਾ ॥੪॥ (638-1, ਸੋਰਠਿ, ਮਃ 3)

Overcoming my egotism and quieting the desires within my mind, I have come to realize Guru's Shabad. ||4||

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ; ਜਿਨ ਹਰਿ ਕਾ ਨਾਮੁ ਪਿਆਰਾ ॥ (638-2, ਸੋਰਠਿ, ਮਃ 3)

God automatically does the work of those who love Almighty's Name (Naam).

ਗੁਰਪਰਸਾਦਿ , ਸਦਾ ਮਨਿ ਵਸਿਆ ; ਸਭਿ ਕਾਜ ਸਵਾਰਣਹਾਰਾ ॥ (638-2, ਸੋਰਠਿ, ਮਃ 3)

By Guru's Grace, he ever dwells in their minds, and He resolves all their affairs.

ਓਨਾ ਕੀ ਰੀਸ ਕਰੇ ਸੁ ਵਿਗੁਚੈ ; ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥ (638-3, ਸੋਰਠਿ, ਮਃ 3)

Whoever challenges them is destroyed; they have Almighty as their Savior. ||5||

ਬਿਨੁ ਸਤਿਗੁਰ ਸੇਵੇ , ਕਿਨੈ ਨ ਪਾਇਆ ;
ਮਨਮੁਖਿ ਭਉਕਿ ਮੁਏ ਬਿਲਲਾਈ ॥ (638-3, ਸੋਰਠਿ, ਮਃ 3)

Without serving the True Guru, no one finds Almighty; the self-willed manmukhs die crying out in pain.

ਆਵਹਿ ਜਾਵਹਿ ਠਉਰ ਨ ਪਾਵਹਿ ; ਦੁਖ ਮਹਿ ਦੁਖਿ ਸਮਾਈ ॥ (638-4, ਸੋਰਠਿ, ਮਃ 3)

They come and go, and find no place of rest; in pain and suffering, they perish.

ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ; ਸਹਜੇ ਸਾਚਿ ਸਮਾਈ ॥੬॥ (638-5, ਸੋਰਠਿ, ਮਃ 3)

But one who becomes Gurmukh drinks in the Ambrosial Nectar, and is easily absorbed in the True Name. ||6||

ਬਿਨੁ ਸਤਿਗੁਰ ਸੇਵੇ , ਜਨਮੁ ਨ ਛੋਡੈ ;
ਜੇ ਅਨੇਕ ਕਰਮ ਕਰੈ ਅਧਿਕਾਈ ॥ (638-5, ਸੋਰਠਿ, ਮਃ 3)

Without serving the True Guru, one cannot escape reincarnation, even by performing numerous rituals.

ਵੇਦ ਪੜਹਿ ਤੈ ਵਾਦ ਵਖਾਣਹਿ ; ਬਿਨੁ ਹਰਿ ਪਤਿ ਗਵਾਈ ॥ (638-6, ਸੋਰਠਿ, ਮਃ 3)

Those who read the Vedas, and argue and debate without Almighty, lose their honor.

ਸਚਾ ਸਤਿਗੁਰੁ , ਸਾਚੀ ਜਿਸੁ ਬਾਣੀ ;
ਭਜਿ ਛੂਟਹਿ ਗੁਰ ਸਰਣਾਈ ॥੭॥ (638-6, ਸੋਰਠਿ, ਮਃ 3)

True is the True Guru, and True is Gurbani (Guru's Hymn); in the Guru's Sanctuary, one is saved. ||7||

ਜਿਨ ਹਰਿ ਮਨਿ ਵਸਿਆ , ਸੇ ਦਰਿ ਸਾਚੇ ; ਦਰਿ ਸਾਚੈ ਸਚਿਆਰਾ ॥(638-7, ਸੋਰਠਿ, ਮਃ 3)

Those whose minds are filled with Almighty are judged as true in the Almighty's Court; they are hailed as true in the True Court.

ਓਨਾ ਦੀ ਸੋਭਾ ਜੁਗਿ ਜੁਗਿ ਹੋਈ ; ਕੋਇ ਨ ਮੇਟਣਹਾਰਾ ॥ (638-8, ਸੋਰਠਿ, ਮਃ 3)

Their praises echo throughout the ages, and no one can erase them.

ਨਾਨਕ , ਤਿਨ ਕੈ ਸਦ ਬਲਿਹਾਰੈ ;
ਜਿਨ ਹਰਿ ਰਾਖਿਆ ਉਰਿ ਧਾਰਾ ॥੮॥੧॥ (638-8, ਸੋਰਠਿ, ਮਃ 3)

Nanak is forever a sacrifice to those who enshrine Almighty within their hearts. ||8||1||

ਸੋਰਠਿ , ਮਹਲਾ ੩ ; ਦੁਤੁਕੀ ॥ (638-9)

Sorath, Third Mahala, Du-Tukas:

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ;
ਸਤਿਗੁਰ ਕੀ ਸੇਵਾ ਲਾਇ ॥ (638-9, ਸੋਰਠਿ, ਮਃ 3)

He Himself forgives the worthless, Dear brother; He commits them to the service of the True Guru.

ਸਤਿਗੁਰ ਕੀ ਸੇਵਾ ਊਤਮ ਹੈ ਭਾਈ ; ਰਾਮ ਨਾਮਿ ਚਿਤੁ ਲਾਇ ॥੧॥ (638-10, ਸੋਰਠਿ, ਮਃ 3)

Service to the True Guru is sublime, Dear brother; through it, one's consciousness is attached to the Almighty's Name. ||1||

ਹਰਿ ਜੀਉ ; ਆਪੇ ਬਖਸਿ ਮਿਲਾਇ ॥ (638-10, ਸੋਰਠਿ, ਮਃ 3)

The Dear Lord forgives, and unites with Himself.

ਗੁਣਹੀਣ ਹਮ ਅਪਰਾਧੀ ਭਾਈ ;
ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥ (638-11, ਸੋਰਠਿ, ਮਃ 3)

I am a sinner, totally without virtue, Dear brother; the Perfect True Guru has blended me. ||Pause||

ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ;
ਸਾਚੈ ਸਬਦਿ ਵੀਚਾਰਿ ॥ (638-11, ਸੋਰਠਿ, ਮਃ 3)

So many, so many sinners have been forgiven, O beloved one, by contemplating the True Guru's Shabad (Gurbani).

ਭਉਜਲੁ ਪਾਰਿ ਉਤਾਰਿਅਨੁ ਭਾਈ ; ਸਤਿਗੁਰ ਬੇੜੈ ਚਾੜਿ ॥੨॥ (638-12, ਸੋਰਠਿ, ਮਃ 3)

They got on board the boat of the True Guru, who carried them across the terrifying world-ocean, Dear brother. ||2||

ਮਨੂਰੈ ਤੇ ਕੰਚਨ ਭਏ ਭਾਈ ; ਗੁਰੁ ਪਾਰਸੁ ਮੇਲਿ ਮਿਲਾਇ ॥ (638-13, ਸੋਰਠਿ, ਮਃ 3)

I have been transformed from rusty iron into gold, Dear brother, united in Union with the Guru, the Philosopher's Stone.

ਆਪੁ ਛੋਡਿ , ਨਾਉ ਮਨਿ ਵਸਿਆ ਭਾਈ ;
ਜੋਤੀ ਜੋਤਿ ਮਿਲਾਇ ॥੩॥ (638-13, ਸੋਰਠਿ, ਮਃ 3)

Eliminating my self-conceit, the Name has come to dwell within my mind, Dear brother; my light has merged in the Light. ||3||

ਹਉ ਵਾਰੀ ਹਉ ਵਾਰਣੈ ਭਾਈ ;
ਸਤਿਗੁਰ ਕਉ ਸਦ ਬਲਿਹਾਰੈ ਜਾਉ ॥ (638-14, ਸੋਰਠਿ, ਮਃ 3)

I am a sacrifice, I am a sacrifice, Dear brother, I am forever a sacrifice to my True Guru.

ਨਾਮੁ ਨਿਧਾਨੁ ਜਿਨਿ ਦਿਤਾ ਭਾਈ ; ਗੁਰਮਤਿ ਸਹਜਿ ਸਮਾਉ ॥੪॥ (638-14, ਸੋਰਠਿ, ਮਃ 3)

He has given me the treasure of Almighty's Name (Naam); Dear brother, through the Guru's Teachings, I am absorbed in celestial bliss. ||4||

ਗੁਰ ਬਿਨੁ ਸਹਜੁ ਨ ਊਪਜੈ ਭਾਈ ; ਪੂਛਹੁ ਗਿਆਨੀਆ ਜਾਇ ॥ (638-15, ਸੋਰਠਿ, ਮਃ 3)

Without the Guru, celestial peace is not produced, Dear brother; go and ask the spiritual teachers about this.

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ; ਵਿਚਹੁ ਆਪੁ ਗਵਾਇ ॥੫॥ (638-16, ਸੋਰਠਿ, ਮਃ 3)

Serve the True Guru forever, Dear brother, and eradicate self-conceit from within. ||5||

ਗੁਰਮਤੀ ਭਉ ਊਪਜੈ ਭਾਈ ; ਭਉ ਕਰਣੀ ਸਚੁ ਸਾਰੁ ॥ (638-16, ਸੋਰਠਿ, ਮਃ 3)

Under Guru's Instruction, the Fear of God is produced, Dear brother; true and excellent are the deeds done in the Fear of God.

ਪ੍ਰੇਮ ਪਦਾਰਥੁ ਪਾਈਐ ਭਾਈ ; ਸਚੁ ਨਾਮੁ ਆਧਾਰੁ ॥੬॥ (638-17, ਸੋਰਠਿ, ਮਃ 3)

Then, one is blessed with the treasure of Almighty's Love, Dear brother, and the Support of the True Name. ||6||

ਜੋ ਸਤਿਗੁਰੁ ਸੇਵਹਿ ਆਪਣਾ ਭਾਈ ; ਤਿਨ ਕੈ ਹਉ ਲਾਗਉ ਪਾਇ ॥ (638-17, ਸੋਰਠਿ,ਮਃ3)

I fall at the feet of those who serve their True Guru, Dear brother.

ਜਨਮੁ ਸਵਾਰੀ ਆਪਣਾ ਭਾਈ ; ਕੁਲੁ ਭੀ ਲਈ ਬਖਸਾਇ ॥੭॥ (638-18, ਸੋਰਠਿ, ਮਃ 3)

I have fulfilled my life, Dear brother, and my family has been saved as well. ||7||

ਸਚੁ ਬਾਣੀ ; ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥ (638-18, ਸੋਰਠਿ, ਮਃ 3)

The True Guru's Bani, and the True Guru's Shabad (Gurbani), Dear brother, are obtained only by Guru's Grace.

ਨਾਨਕ ਨਾਮੁ ਹਰਿ ਮਨਿ ਵਸੈ ਭਾਈ ;
ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥ (638-19, ਸੋਰਠਿ, ਮਃ 3)

Guru Nanak says, with Almighty's Name (Naam) abiding in one's mind, no obstacles stand in one's way, Dear brother. ||8||2||

ਸੋਰਠਿ , ਮਹਲਾ ੩ ॥ (639-1)

Sorath, Third Mahala:

ਹਰਿ ਜੀਉ , ਸਬਦੇ ਜਾਪਦਾ ਭਾਈ ; ਪੂਰੈ ਭਾਗਿ ਮਿਲਾਇ ॥ (639-1, ਸੋਰਠਿ, ਮਃ 3)

The Dear Almighty is realized through the Word of His Shabad, Dear brother, which is found only by perfect destiny.

ਸਦਾ ਸੁਖੁ ਸੋਹਾਗਣੀ ਭਾਈ ;
ਅਨਦਿਨੁ ਰਤੀਆ ਰੰਗੁ ਲਾਇ ॥੧॥ (ਰੱਤੀਆ ਬੋਲੋ) (639-1, ਸੋਰਠਿ, ਮਃ 3)

The happy soul-brides are forever in peace, Dear brother; night and day, they are attuned to the Almighty's Love. ||1||

ਹਰਿ ਜੀ ; ਤੂ ਆਪੇ ਰੰਗੁ ਚੜਾਇ ॥ (639-2, ਸੋਰਠਿ, ਮਃ 3)

O Dear Almighty, You Yourself color us in Your Love.

ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ ;
ਹਰਿ ਸੇਤੀ ਰੰਗੁ ਲਾਇ ॥ ਰਹਾਉ ॥ (639-2, ਸੋਰਠਿ, ਮਃ 3)

Sing, continually sing His Praises, imbued with His Love, Dear brother; be in love with Almighty. ||Pause||

ਗੁਰ ਕੀ ਕਾਰ ਕਮਾਵਣੀ ਭਾਈ ; ਆਪੁ ਛੋਡਿ ਚਿਤੁ ਲਾਇ ॥ (639-3, ਸੋਰਠਿ, ਮਃ 3)

Work to serve the Guru, Dear brother; abandon self-conceit, and focus your consciousness.

ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ;
ਹਰਿ ਆਪਿ ਵਸੈ ਮਨਿ ਆਇ ॥੨॥ (639-4, ਸੋਰਠਿ, ਮਃ 3)

You shall be in peace forever, and you shall not suffer in pain any longer, Dear brother; Almighty Himself shall come and abide in your mind. ||2||

ਪਿਰ ਕਾ ਹੁਕਮੁ ਨ ਜਾਣਈ ਭਾਈ ;
ਸਾ ਕੁਲਖਣੀ ਕੁਨਾਰਿ ॥ (ਕੁ-ਲਖਣੀ, ਕੁ-ਨਾਰਿ ਬੋਲੋ) (639-4, ਸੋਰਠਿ, ਮਃ 3)

She who does not know the Will of her Husband Lord, Dear brother, is an ill-mannered and bitter bride.

ਮਨਹਠਿ ਕਾਰ ਕਮਾਵਣੀ ਭਾਈ ; ਵਿਣੁ ਨਾਵੈ ਕੂੜਿਆਰਿ ॥੩॥ (639-5, ਸੋਰਠਿ, ਮਃ 3)

She does things with a stubborn mind, Dear brother; without the Name, she is false. ||3||

ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ ; ਭਾਇ ਸਚੈ ਬੈਰਾਗੁ ॥ (639-5, ਸੋਰਠਿ, ਮਃ 3)

They alone sing Almighty's Praises, who have such pre-ordained destiny written upon their foreheads, Dear brother; through the Love of Almighty, they find detachment.

ਅਨਦਿਨੁ ਰਾਤੇ ਗੁਣ ਰਵਹਿ ਭਾਈ ; (ਰਾੱਤੇ ਬੋਲੋ)
ਨਿਰਭਉ ਗੁਰ ਲਿਵ ਲਾਗੁ ॥੪॥ (639-6, ਸੋਰਠਿ, ਮਃ 3)

Night and day, they are imbued with His Love; they utter His Glorious Praises, Dear brother, and they lovingly focus their consciousness on the Fearless Guru. ||4||

ਸਭਨਾ ਮਾਰਿ ਜੀਵਾਲਦਾ ਭਾਈ ; ਸੋ ਸੇਵਹੁ ਦਿਨੁ ਰਾਤਿ ॥ (639-7, ਸੋਰਠਿ, ਮਃ 3)

He kills and revives all, Dear brother; serve Him, day and night.

ਸੋ ਕਿਉ ਮਨਹੁ ਵਿਸਾਰੀਐ ਭਾਈ ; ਜਿਸ ਦੀ ਵਡੀ ਹੈ ਦਾਤਿ ॥੫॥ (639-7, ਸੋਰਠਿ, ਮਃ 3)

How can we forget Him from our minds, Dear brother? His gifts are glorious and great. ||5||

ਮਨਮੁਖਿ ਮੈਲੀ ਡੂੰਮਣੀ ਭਾਈ ; ਦਰਗਹ ਨਾਹੀ ਥਾਉ ॥ (639-8, ਸੋਰਠਿ, ਮਃ 3)

The self-willed manmukh is filthy and double-minded, Dear brother; the finds no place of rest in the Almighty's Court.

ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ;
ਮਿਲਿ ਪ੍ਰੀਤਮ ਸਾਚਿ ਸਮਾਉ ॥੬॥ (639-8, ਸੋਰਠਿ, ਮਃ 3)

But if she becomes Gurmukh, then she chants the Praises of Almighty's virtues, Dear brother; the meets her True Beloved, and merges in Him. ||6||

ਏਤੁ ਜਨਮਿ ਹਰਿ ਨ ਚੇਤਿਓ ਭਾਈ ; ਕਿਆ ਮੁਹੁ ਦੇਸੀ ਜਾਇ ॥ (639-9, ਸੋਰਠਿ, ਮਃ 3)

In this life, she has not focused her consciousness on Almighty, Dear brother; how can she show her face when she leaves?

ਕਿੜੀ ਪਵੰਦੀ ਮੁਹਾਇਓਨੁ ਭਾਈ ; ਬਿਖਿਆ ਨੋ ਲੋਭਾਇ ॥੭॥ (639-9, ਸੋਰਠਿ, ਮਃ 3)

In spite of the warning calls which were sounded, she has been plundered, Dear brother; she yearned only for evil desires. ||7||

ਨਾਮੁ ਸਮਾਲਹਿ ਸੁਖਿ ਵਸਹਿ ਭਾਈ ; ਸਦਾ ਸੁਖੁ ਸਾਂਤਿ ਸਰੀਰ ॥ (639-10, ਸੋਰਠਿ, ਮਃ 3)

Those who dwell upon Almighty's Name (Naam), Dear brother, their bodies are ever peaceful and tranquil.

ਨਾਨਕ ਨਾਮੁ ਸਮਾਲਿ ਤੂ ਭਾਈ ; ਅਪਰੰਪਰ ਗੁਣੀ ਗਹੀਰ ॥੮॥੩॥ (639-11, ਸੋਰਠਿ, ਮਃ 3)

Guru Nanak says, dwell upon Almighty's Name (Naam); Almighty is infinite, virtuous and unfathomable, Dear brother. ||8||3||

ਸੋਰਠਿ , ਮਹਲਾ ੫ ; ਘਰੁ ੧ , ਅਸਟਪਦੀਆ (639-12)

Sorath, Fifth Mahala, First House, Ashtapadees:

ੴ ; ਸਤਿਗੁਰ ਪ੍ਰਸਾਦਿ ॥ (639-12)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਭੁ ਜਗੁ ਜਿਨਹਿ ਉਪਾਇਆ ਭਾਈ ; ਕਰਣ ਕਾਰਣ ਸਮਰਥੁ ॥ (639-13, ਸੋਰਠਿ, ਮਃ 5)

The One who created the whole world, Dear brother, is the Almighty Lord, the Cause of causes.

ਜੀਉ ਪਿੰਡੁ ਜਿਨਿ ਸਾਜਿਆ ਭਾਈ ; ਦੇ ਕਰਿ ਅਪਣੀ ਵਥੁ ॥ (639-13, ਸੋਰਠਿ, ਮਃ 5)

He fashioned the soul and the body, Dear brother, by His own power.

ਕਿਨਿ ਕਹੀਐ , ਕਿਉ ਦੇਖੀਐ ਭਾਈ ; ਕਰਤਾ ਏਕੁ ਅਕਥੁ ॥ (639-14, ਸੋਰਠਿ, ਮਃ 5)

How can He be described? How can He be seen, Dear brother? The Creator is One; He is indescribable.

ਗੁਰੁ ਗੋਵਿੰਦੁ ਸਲਾਹੀਐ ਭਾਈ ; ਜਿਸ ਤੇ ਜਾਪੈ ਤਥੁ ॥੧॥ (639-14, ਸੋਰਠਿ, ਮਃ 5)

Praise the Guru, Almighty of the Universe, Dear brother; through Him, the essence is known. ||1||

ਮੇਰੇ ਮਨ ; ਜਪੀਐ ਹਰਿ ਭਗਵੰਤਾ ॥ (639-15, ਸੋਰਠਿ, ਮਃ 5)

O my mind, meditate on Almighty, Almighty.

ਨਾਮ ਦਾਨੁ ਦੇਇ ਜਨ ਅਪਨੇ ; ਦੂਖ ਦਰਦ ਕਾ ਹੰਤਾ ॥ ਰਹਾਉ ॥ (639-15, ਸੋਰਠਿ, ਮਃ 5)

He blesses His servant with the gift of Almighty's Name (Naam); He is the Destroyer of pain and suffering. ||Pause||

ਜਾ ਕੈ ਘਰਿ ਸਭੁ ਕਿਛੁ ਹੈ ਭਾਈ ; ਨਉ ਨਿਧਿ ਭਰੇ ਭੰਡਾਰ ॥ (639-16, ਸੋਰਠਿ, ਮਃ 5)

Everything is in His home, Dear brother; His warehouse is overflowing with the nine treasures.

ਤਿਸ ਕੀ ਕੀਮਤਿ ਨਾ ਪਵੈ ਭਾਈ ; ਊਚਾ ਅਗਮ ਅਪਾਰ ॥ (639-16, ਸੋਰਠਿ, ਮਃ 5)

His worth cannot be estimated, Dear brother; He is lofty, beyond mind's comprehension (Agaam) and beyond limits (infinite).

ਜੀਅ ਜੰਤ ਪ੍ਰਤਿਪਾਲਦਾ ਭਾਈ ; ਨਿਤ ਨਿਤ ਕਰਦਾ ਸਾਰ ॥ (639-17, ਸੋਰਠਿ, ਮਃ 5)

He cherishes all beings and creatures, Dear brother; he continually takes care of them.

ਸਤਿਗੁਰੁ ਪੂਰਾ ਭੇਟੀਐ ਭਾਈ ; ਸਬਦਿ ਮਿਲਾਵਣਹਾਰ ॥੨॥ (639-17, ਸੋਰਠਿ, ਮਃ 5)

So meet with the Perfect True Guru, Dear brother, and merge in the Guru's Shabad (Gurbani). ||2||

ਸਚੇ ਚਰਣ ਸਰੇਵੀਅਹਿ ਭਾਈ ; ਭ੍ਰਮੁ ਭਉ ਹੋਵੈ ਨਾਸੁ ॥ (639-18, ਸੋਰਠਿ, ਮਃ 5)

Adoring the feet of the True Guru, Dear brother, illusion (doubt) and fear are dispelled.

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ; ਹਰਿ ਕੈ ਨਾਮਿ ਨਿਵਾਸੁ ॥ (639-18, ਸੋਰਠਿ, ਮਃ 5)

Joining the Society of the Saints, cleanse your mind, Dear brother, and dwell in Almighty's Name (Naam).

ਮਿਟੈ ਅੰਧੇਰਾ ਅਗਿਆਨਤਾ ਭਾਈ ; ਕਮਲ ਹੋਵੈ ਪਰਗਾਸੁ ॥ (639-19, ਸੋਰਠਿ, ਮਃ 5)

The darkness of ignorance shall be dispelled, Dear brother, and the lotus of your heart shall blossom forth.

ਗੁਰ ਬਚਨੀ ਸੁਖੁ ਊਪਜੈ ਭਾਈ ; ਸਭਿ ਫਲ ਸਤਿਗੁਰ ਪਾਸਿ ॥੩॥ (639-19, ਸੋਰਠਿ, ਮਃ 5)

By the Guru's Word, peace wells up, Dear brother; all fruits are with the True Guru. ||3||

ਮੇਰਾ ਤੇਰਾ ਛੋਡੀਐ ਭਾਈ ; ਹੋਈਐ ਸਭ ਕੀ ਧੂਰਿ ॥ (640-1, ਸੋਰਠਿ, ਮਃ 5)

Give up your sense of mine and yours, Dear brother, and become the dust of the feet of all.

ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ; ਪੇਖੈ ਸੁਣੈ ਹਜੂਰਿ ॥ (640-1, ਸੋਰਠਿ, ਮਃ 5)

In each and every heart, God is contained, Dear brother; He sees, and hears, and is ever-present with us.

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ; ਤਿਤੁ ਦਿਨਿ ਮਰੀਐ ਝੂਰਿ ॥ (640-2, ਸੋਰਠਿ, ਮਃ 5)

On that day when one forgets the Supreme Almighty, Dear brother, on that day, one ought to die crying out in pain.

ਕਰਨ ਕਰਾਵਨ ਸਮਰਥੋ ਭਾਈ ; ਸਰਬ ਕਲਾ ਭਰਪੂਰਿ ॥੪॥ (640-3, ਸੋਰਠਿ, ਮਃ 5)

He is the all-powerful Cause of Causes, Dear brother; he is totally filled with all powers. ||4||

ਪ੍ਰੇਮ ਪਦਾਰਥੁ ਨਾਮੁ ਹੈ ਭਾਈ ; ਮਾਇਆ ਮੋਹ ਬਿਨਾਸੁ ॥ (640-3, ਸੋਰਠਿ, ਮਃ 5)

The Love of the Name is the greatest treasure, Dear brother; through it, emotional attachment to Maya is dispelled.

ਤਿਸੁ ਭਾਵੈ ਤਾ ਮੇਲਿ ਲਏ ਭਾਈ ; ਹਿਰਦੈ ਨਾਮ ਨਿਵਾਸੁ ॥ (640-4, ਸੋਰਠਿ, ਮਃ 5)

If it is pleasing to His Will, then He unites us in His Union, Dear brother; Almighty's Name (Naam), comes to abide in the mind.

ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ; ਰਿਦੈ ਹੋਵੈ ਪਰਗਾਸੁ ॥ (640-4, ਸੋਰਠਿ, ਮਃ 5)

The heart-lotus of the Gurmukh blossoms forth, Dear brother, and the heart is illumined.

ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ;
ਮਉਲਿਆ ਧਰਤਿ ਅਕਾਸੁ ॥੫॥ (640-5, ਸੋਰਠਿ, ਮਃ 5)

The Glory of God has been revealed, Dear brother, and the earth and sky have blossomed forth. ||5||

ਗੁਰਿ ਪੂਰੈ ਸੰਤੋਖਿਆ ਭਾਈ ; ਅਹਿਨਿਸਿ ਲਾਗਾ ਭਾਉ ॥ (640-5, ਸੋਰਠਿ, ਮਃ 5)

The Perfect Guru has blessed me with contentment, Dear brother; day and night, I remain attached to Almighty's Love.

ਰਸਨਾ ਰਾਮੁ ਰਵੈ ਸਦਾ ਭਾਈ ; ਸਾਚਾ ਸਾਦੁ ਸੁਆਉ ॥ (640-6, ਸੋਰਠਿ, ਮਃ 5)

My tongue continually chants the Almighty's Name, Dear brother; this is the true taste, and the object of human life.

ਕਰਨੀ ਸੁਣਿ ਸੁਣਿ ਜੀਵਿਆ ਭਾਈ ; ਨਿਹਚਲੁ ਪਾਇਆ ਥਾਉ ॥ (640-6, ਸੋਰਠਿ, ਮਃ 5)

Listening with my ears, I hear and so I live, Dear brother; I have obtained the unchanging, unmoving state.

ਜਿਸੁ ਪਰਤੀਤਿ ਨ ਆਵਈ ਭਾਈ ; ਸੋ ਜੀਅੜਾ ਜਲਿ ਜਾਉ ॥੬॥ (640-7, ਸੋਰਠਿ, ਮਃ 5)

That soul,which does not place its faith in Almighty shall burn, Dear brother. ||6||

ਬਹੁ ਗੁਣ ਮੇਰੇ ਸਾਹਿਬੈ ਭਾਈ ; ਹਉ ਤਿਸ ਕੈ ਬਲਿ ਜਾਉ ॥ (640-7, ਸੋਰਠਿ, ਮਃ 5)

My Master has so many virtues, Dear brother; I am a sacrifice to Him.

ਓਹੁ ਨਿਰਗੁਣੀਆਰੇ ਪਾਲਦਾ ਭਾਈ ; ਦੇਇ ਨਿਥਾਵੇ ਥਾਉ ॥ (640-8, ਸੋਰਠਿ, ਮਃ 5)

He nurtures even the most worthless, Dear brother, and gives home to the homeless.

ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ; ਗੂੜਾ ਜਾ ਕਾ ਨਾਉ ॥ (640-9, ਸੋਰਠਿ, ਮਃ 5)

He gives us nourishment with each and every breath, Dear brother; His Name is everlasting.

ਜਿਸੁ ਗੁਰੁ ਸਾਚਾ ਭੇਟੀਐ ਭਾਈ ; ਪੂਰਾ ਤਿਸੁ ਕਰਮਾਉ ॥੭॥ (640-9, ਸੋਰਠਿ, ਮਃ 5)

One who meets with the True Guru, Dear brother, does so only by perfect destiny. ||7||

ਤਿਸੁ ਬਿਨੁ ਘੜੀ ਨ ਜੀਵੀਐ ਭਾਈ ; ਸਰਬ ਕਲਾ ਭਰਪੂਰਿ ॥ (640-10, ਸੋਰਠਿ, ਮਃ 5)

Without Him, I cannot live, even for an instant, Dear brother; He is totally filled with all powers.

ਸਾਸਿ ਗਿਰਾਸਿ ਨ ਵਿਸਰੈ ਭਾਈ ; ਪੇਖਉ ਸਦਾ ਹਜੂਰਿ ॥ (640-10, ਸੋਰਠਿ, ਮਃ 5)

With every breath and morsel of food, I will not forget Him, Dear brother; I behold Him ever-present.

ਸਾਧੂ ਸੰਗਿ ਮਿਲਾਇਆ ਭਾਈ ; ਸਰਬ ਰਹਿਆ ਭਰਪੂਰਿ ॥ (640-11, ਸੋਰਠਿ, ਮਃ 5)

In the Saadh Sangat, the Company of the Holy, I meet Him, Dear brother; He is totally pervading and permeating everywhere.

ਜਿਨਾ ਪ੍ਰੀਤਿ ਨ ਲਗੀਆ ਭਾਈ ; ਸੇ ਨਿਤ ਨਿਤ ਮਰਦੇ ਝੂਰਿ ॥੮॥ (640-11, ਸੋਰਠਿ, ਮਃ 5)

Those who do not embrace love for Almighty, Dear brother, always die crying out in pain. ||8||

ਅੰਚਲਿ ਲਾਇ ਤਰਾਇਆ ਭਾਈ ; ਭਉਜਲੁ ਦੁਖੁ ਸੰਸਾਰੁ ॥ (640-12, ਸੋਰਠਿ, ਮਃ 5)

Grasping hold of the hem of His robe, Dear brother, we are carried across the world-ocean of fear and pain.

ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ; ਕੀਤੋਨੁ ਅੰਗੁ ਅਪਾਰੁ ॥ (640-12, ਸੋਰਠਿ, ਮਃ 5)

By His Glance of Grace, He has blessed us, Dear brother; He shall be with us until the very end.

ਮਨੁ ਤਨੁ ਸੀਤਲੁ ਹੋਇਆ ਭਾਈ ; ਭੋਜਨੁ ਨਾਮ ਅਧਾਰੁ ॥ (640-13, ਸੋਰਠਿ, ਮਃ 5)

My mind and body are soothed and calmed, Dear brother, nourished by the food of Almighty's Name (Naam).

ਨਾਨਕ , ਤਿਸੁ ਸਰਣਾਗਤੀ ਭਾਈ ;
ਜਿ ਕਿਲਬਿਖ ਕਾਟਣਹਾਰੁ ॥੯॥੧॥ (640-13, ਸੋਰਠਿ, ਮਃ 5)

Nanak has entered His Sanctuary, Dear brother; Almighty is the Destroyer of sins. ||9||1||

ਸੋਰਠਿ , ਮਹਲਾ ੫ ॥ (640-14)

Sorath, Fifth Mahala:

ਮਾਤ ਗਰਭ ਦੁਖ ਸਾਗਰੋ ਪਿਆਰੇ ;
ਤਹ ਅਪਣਾ ਨਾਮੁ ਜਪਾਇਆ ॥ (640-14, ਸੋਰਠਿ, ਮਃ 5)

The womb of the mother is an ocean of pain, O Beloved; even there, Almighty causes His Name to be chanted.

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ;
ਮਾਇਆ ਮੋਹੁ ਵਧਾਇਆ ॥ (640-15, ਸੋਰਠਿ, ਮਃ 5)

When he emerges, he finds the poison of Maya pervading everywhere, O Beloved, and he becomes increasingly attached to Maya.

ਜਿਸ ਨੋ ਕੀਤੋ ਕਰਮੁ ਆਪਿ ਪਿਆਰੇ ;
ਤਿਸੁ ਪੂਰਾ ਗੁਰੂ ਮਿਲਾਇਆ ॥ (640-16, ਸੋਰਠਿ, ਮਃ 5)

One whom Almighty blesses with His kind favor, O Beloved, meets the Perfect Guru.

ਸੋ ਆਰਾਧੇ ਸਾਸਿ ਸਾਸਿ ਪਿਆਰੇ ; ਰਾਮ ਨਾਮ ਲਿਵ ਲਾਇਆ ॥੧॥(640-16,ਸੋਰਠਿ, ਮਃ 5)

He worships Almighty in adoration with each and every breath, O Beloved; he is lovingly attached to the Almighty's Name. ||1||

ਮਨਿ ਤਨਿ ਤੇਰੀ ਟੇਕ ਹੈ ਪਿਆਰੇ ; ਮਨਿ ਤਨਿ ਤੇਰੀ ਟੇਕ ॥ (640-17, ਸੋਰਠਿ, ਮਃ 5)

You are the support of my mind and body, O Beloved; You are the support of my mind and body.

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ;
ਅੰਤਰਜਾਮੀ ਏਕ ॥ ਰਹਾਉ ॥ (640-17, ਸੋਰਠਿ, ਮਃ 5)

There is no other Creator except for You, O Beloved; You alone are the Inner-knower, the Searcher of hearts. ||Pause||

ਕੋਟਿ ਜਨਮ ਭ੍ਰਮਿ ਆਇਆ ਪਿਆਰੇ ; ਅਨਿਕ ਜੋਨਿ ਦੁਖੁ ਪਾਇ ॥ (640-18, ਸੋਰਠਿ, ਮਃ 5)

After wandering in doubt for millions of incarnations, he comes into the world, O Beloved; for uncounted lifetimes, he has suffered in pain.

ਸਾਚਾ ਸਾਹਿਬੁ ਵਿਸਰਿਆ ਪਿਆਰੇ ; ਬਹੁਤੀ ਮਿਲੈ ਸਜਾਇ ॥ (640-19, ਸੋਰਠਿ, ਮਃ 5)

He has forgotten his True Master, O Beloved, and so he suffers terrible punishment.

ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ; ਸੇ ਲਾਗੇ ਸਾਚੈ ਨਾਇ ॥ (640-19, ਸੋਰਠਿ, ਮਃ 5)

Those who meet with the Perfect True Guru, O Beloved, are attached to the True Name.

ਤਿਨਾ ਪਿਛੈ ਛੁਟੀਐ ਪਿਆਰੇ ; ਜੋ ਸਾਚੀ ਸਰਣਾਇ ॥੨॥ (641-1, ਸੋਰਠਿ, ਮਃ 5)

We are saved by following those, O Beloved, who seek the Sanctuary of True Almighty. ||2||

ਮਿਠਾ ਕਰਿ ਕੈ ਖਾਇਆ ਪਿਆਰੇ ; ਤਿਨਿ ਤਨਿ ਕੀਤਾ ਰੋਗੁ ॥ (641-1, ਸੋਰਠਿ, ਮਃ 5)

He thinks that his food is so sweet, O Beloved, but it makes his body ill.

ਕਉੜਾ ਹੋਇ ਪਤਿਸਟਿਆ , ਪਿਆਰੇ ; ਤਿਸ ਤੇ ਉਪਜਿਆ ਸੋਗੁ ॥ (641-2, ਸੋਰਠਿ, ਮਃ 5)

It turns out to be bitter, O Beloved, and it produces only sadness.

ਭੋਗ ਭੁੰਚਾਇ ਭੁਲਾਇਅਨੁ ਪਿਆਰੇ ; ਉਤਰੈ ਨਹੀ ਵਿਜੋਗੁ ॥ (641-2, ਸੋਰਠਿ, ਮਃ 5)

Almighty leads him astray in the enjoyment of pleasures, O Beloved, and so his sense of separation does not depart.

ਜੋ ਗੁਰ ਮੇਲਿ ਉਧਾਰਿਆ ਪਿਆਰੇ ; ਤਿਨ ਧੁਰੇ ਪਇਆ ਸੰਜੋਗੁ ॥੩॥ (641-3,ਸੋਰਠਿ, ਮਃ 5)

Those who meet the Guru are saved, O Beloved; this is their pre-ordained destiny. ||3||

ਮਾਇਆ ਲਾਲਚਿ ਅਟਿਆ ਪਿਆਰੇ ; ਚਿਤਿ ਨ ਆਵਹਿ ਮੂਲਿ ॥ (641-3, ਸੋਰਠਿ, ਮਃ 5)

He is filled with longing for Maya, O Beloved, and so Almighty does not ever come into his mind.

ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ; ਸੇ ਤਨ ਹੋਏ ਧੂੜਿ ॥ (641-4, ਸੋਰਠਿ, ਮਃ 5)

Those who forget You, O Supreme Lord Master, their bodies turn to dust.

ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ; ਉਤਰੈ ਨਾਹੀ ਸੂਲੁ ॥ (641-5, ਸੋਰਠਿ, ਮਃ 5)

They cry out and scream horribly, O Beloved, but their torment does not end.

ਜੋ ਗੁਰ ਮੇਲਿ ਸਵਾਰਿਆ ਪਿਆਰੇ ; ਤਿਨ ਕਾ ਰਹਿਆ ਮੂਲੁ ॥੪॥ (641-5, ਸੋਰਠਿ, ਮਃ 5)

Those who meet the Guru, and reform themselves, O Beloved, their capital remains intact. ||4||

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥ (641-6, ਸੋਰਠਿ, ਮਃ 5)

As far as possible, do not associate with the devotee of Maya (faithless cynic), O Beloved.

ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ; ਸੁੋ ਮੁਹਿ ਕਾਲੈ ਉਠਿ ਜਾਇ ॥ (641-6, ਸੋਰਠਿ, ਮਃ 5)

Meeting with them, Almighty is forgotten, O Beloved, and you rise and depart with a blackened face.

ਮਨਮੁਖਿ ਢੋਈ ਨਹ ਮਿਲੈ ਪਿਆਰੇ ; ਦਰਗਹ ਮਿਲੈ ਸਜਾਇ ॥ (641-7, ਸੋਰਠਿ, ਮਃ 5)

The self-willed manmukh finds no rest or shelter, O Beloved; in the Almighty's Court, they are punished.

ਜੋ ਗੁਰ ਮੇਲਿ ਸਵਾਰਿਆ ਪਿਆਰੇ ; ਤਿਨਾ ਪੂਰੀ ਪਾਇ ॥੫॥ (641-7, ਸੋਰਠਿ, ਮਃ 5)

Those who meet with the Guru, and reform themselves, O Beloved, their affairs are resolved. ||5||

ਸੰਜਮ ਸਹਸ ਸਿਆਣਪਾ ਪਿਆਰੇ ; ਇਕ ਨ ਚਲੀ ਨਾਲਿ ॥ (641-8, ਸੋਰਠਿ, ਮਃ 5)

One may have thousands of clever tricks and techniques of austere self-discipline, O Beloved, but not even one of them will go with him.

ਜੋ ਬੇਮੁਖ ਗੋਬਿੰਦ ਤੇ ਪਿਆਰੇ ; ਤਿਨ ਕੁਲਿ ਲਾਗੈ ਗਾਲਿ ॥ (641-9, ਸੋਰਠਿ, ਮਃ 5)

Those who turn their backs on Almighty of the Universe, O Beloved, their families are stained with disgrace.

ਹੋਦੀ ਵਸਤੁ ਨ ਜਾਤੀਆ ਪਿਆਰੇ ; ਕੂੜੁ ਨ ਚਲੀ ਨਾਲਿ ॥ (641-9, ਸੋਰਠਿ, ਮਃ 5)

They do not realize that they do have Him , O Beloved; falsehood will not go with them.

ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ; ਸਾਚਾ ਨਾਮੁ ਸਮਾਲਿ ॥੬॥ (641-10, ਸੋਰਠਿ, ਮਃ 5)

Those who meet with the True Guru, O Beloved, dwell upon the True Name. ||6||

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ; ਜਿਸ ਨੋ ਨਦਰਿ ਕਰੇ ॥ (641-10, ਸੋਰਠਿ, ਮਃ 5)

When Almighty casts His Glance of Grace, O Beloved, one is blessed with Truth, contentment, wisdom and meditation.

ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ; ਅੰਮ੍ਰਿਤਿ ਪੂਰ ਭਰੇ ॥ (641-11, ਸੋਰਠਿ, ਮਃ 5)

Night and day, he sings the Kirtan of Almighty's Praises, O Beloved, totally filled with Ambrosial Nectar.

ਦੁਖ ਸਾਗਰੁ ਤਿਨ ਲੰਘਿਆ ਪਿਆਰੇ ; ਭਵਜਲੁ ਪਾਰਿ ਪਰੇ ॥ (641-11, ਸੋਰਠਿ, ਮਃ 5)

He crosses over the sea of pain, O Beloved, and swims across the terrifying world-ocean.

ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ; ਸੇਈ ਸਦਾ ਖਰੇ ॥੭॥ (641-12, ਸੋਰਠਿ, ਮਃ 5)

One who is pleasing to His Will, He unites with Himself, O Beloved; he is forever true. ||7||

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ; ਭਗਤਾ ਤਿਸ ਕਾ ਤਾਣੁ ॥ (641-12, ਸੋਰਠਿ, ਮਃ 5)

The all-powerful Divine Lord is compassionate, O Beloved; He is the Support of His devotees.

ਤਿਸੁ ਸਰਣਾਈ ਢਹਿ ਪਏ ਪਿਆਰੇ ; ਜਿ ਅੰਤਰਜਾਮੀ ਜਾਣੁ ॥ (641-13, ਸੋਰਠਿ, ਮਃ 5)

I seek His Sanctuary, O Beloved; He is the Inner-knower, the Searcher of hearts.

ਹਲਤੁ ਪਲਤੁ ਸਵਾਰਿਆ ਪਿਆਰੇ ; ਮਸਤਕਿ ਸਚੁ ਨੀਸਾਣੁ ॥ (641-14, ਸੋਰਠਿ, ਮਃ 5)

He has adorned me in this world and the next, O Beloved; He has placed the Emblem of Truth upon my forehead.

ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ; ਨਾਨਕ ਸਦ ਕੁਰਬਾਣੁ ॥੮॥੨॥ (641-14, ਸੋਰਠਿ, ਮਃ 5)

I shall never forget that God, O Beloved; Nanak is forever a sacrifice to Him. ||8||2||

ਸੋਰਠਿ , ਮਹਲਾ ੫ ; ਘਰੁ ੨ , ਅਸਟਪਦੀਆ (641-16)

Sorath, Fifth Mahala, Second House, Ashtapadees:

ੴ ; ਸਤਿਗੁਰ ਪ੍ਰਸਾਦਿ ॥ (641-16)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

Prologue: Guru Arjan Dev Ji describes worthlessness of all the religious rituals and worldly deeds without praising Almighty;

ਪਾਠੁ ਪੜਿਓ , ਅਰੁ ਬੇਦੁ ਬੀਚਾਰਿਓ ; ਨਿਵਲਿ ਭੁਅੰਗਮ ਸਾਧੇ ॥ (641-17, ਸੋਰਠਿ, ਮਃ 5)

They read scriptures, and contemplate the Vedas; they practice the inner cleansing techniques of Yoga, and control of the breath.

ਪੰਚ ਜਨਾ ਸਿਉ ਸੰਗੁ ਨ ਛੁਟਕਿਓ ; ਅਧਿਕ ਅਹੰਬੁਧਿ ਬਾਧੇ ॥੧॥ (641-17, ਸੋਰਠਿ, ਮਃ 5)

But they cannot escape from the company of the five passions; they are increasingly bound to egotism. ||1||

ਪਿਆਰੇ , ਇਨ ਬਿਧਿ ਮਿਲਣੁ ਨ ਜਾਈ ;
ਮੈ ਕੀਏ ਕਰਮ ਅਨੇਕਾ ॥ (641-18, ਸੋਰਠਿ, ਮਃ 5)

O Beloved, this is not the way to meet Almighty; I have performed these rituals so many times.

ਹਾਰਿ ਪਰਿਓ ਸੁਆਮੀ ਕੈ ਦੁਆਰੈ ;
ਦੀਜੈ ਬੁਧਿ ਬਿਬੇਕਾ ॥ ਰਹਾਉ ॥ (641-18, ਸੋਰਠਿ, ਮਃ 5)

I have collapsed, exhausted, at the Door of my Lord Master; I pray that He may grant me a discerning intellect. ||Pause||

ਮੋਨਿ ਭਇਓ , ਕਰ ਪਾਤੀ ਰਹਿਓ ; ਨਗਨ ਫਿਰਿਓ ਬਨ ਮਾਹੀ ॥ (641-19, ਸੋਰਠਿ, ਮਃ 5)

One may remain silent and use his hands as begging bowls, and wander naked in the forest.

ਤਟ ਤੀਰਥ , ਸਭ ਧਰਤੀ ਭ੍ਰਮਿਓ ; ਦੁਬਿਧਾ ਛੁਟਕੈ ਨਾਹੀ ॥੨॥ (641-19, ਸੋਰਠਿ, ਮਃ 5)

He may make pilgrimages to river banks and sacred shrines all over the world, but his sense of duality will not leave him. ||2||

ਮਨ ਕਾਮਨਾ , ਤੀਰਥ ਜਾਇ ਬਸਿਓ ;
ਸਿਰਿ ਕਰਵਤ ਧਰਾਏ ॥ (ਕਰਵੱਤ ਬੋਲੋ) (642-1, ਸੋਰਠਿ, ਮਃ 5)

His mind's desires may lead him to go and dwell at sacred places of pilgrimage, and offer his head to be sawn off;

ਮਨ ਕੀ ਮੈਲੁ ਨ ਉਤਰੈ ਇਹ ਬਿਧਿ ; ਜੇ ਲਖ ਜਤਨ ਕਰਾਏ ॥੩॥ (642-2, ਸੋਰਠਿ, ਮਃ 5)

but this will not cause the filth of his mind to depart, even though he may make thousands of efforts. ||3||

ਕਨਿਕ ਕਾਮਿਨੀ , ਹੈਵਰ ਗੈਵਰ ; ਬਹੁ ਬਿਧਿ ਦਾਨੁ ਦਾਤਾਰਾ ॥ (642-2, ਸੋਰਠਿ, ਮਃ 5)

He may give gifts of all sorts - gold, women, horses and elephants.

ਅੰਨ ਬਸਤ੍ਰ ਭੂਮਿ ਬਹੁ ਅਰਪੇ ; ਨਹ ਮਿਲੀਐ ਹਰਿ ਦੁਆਰਾ ॥੪॥ (642-3, ਸੋਰਠਿ, ਮਃ 5)

He may make offerings of corn, clothes and land in abundance, but this will not lead him to Almighty's Door. ||4||

ਪੂਜਾ ਅਰਚਾ ਬੰਦਨ ਡੰਡਉਤ ; ਖਟੁ ਕਰਮਾ ਰਤੁ ਰਹਤਾ ॥ (642-3, ਸੋਰਠਿ, ਮਃ 5)

He may remain devoted to worship and adoration, bowing his forehead to the floor, practicing the six religious rituals.

ਹਉ ਹਉ ਕਰਤ , ਬੰਧਨ ਮਹਿ ਪਰਿਆ ;
ਨਹ ਮਿਲੀਐ ਇਹ ਜੁਗਤਾ ॥੫॥ (642-4, ਸੋਰਠਿ, ਮਃ 5)

He indulges in egotism and pride, and falls into entanglements, but he does not meet Almighty by these devices. ||5||

ਜੋਗ ਸਿਧ ਆਸਣ ਚਉਰਾਸੀਹ ; ਏ ਭੀ ਕਰਿ ਕਰਿ ਰਹਿਆ ॥ (642-4, ਸੋਰਠਿ, ਮਃ 5)

He practices the eighty-four postures of Yoga, and acquires the supernatural powers of the Siddhas, but he gets tired of practicing these.

ਵਡੀ ਆਰਜਾ , ਫਿਰਿ ਫਿਰਿ ਜਨਮੈ ;
ਹਰਿ ਸਿਉ ਸੰਗੁ ਨ ਗਹਿਆ ॥੬॥ (642-5, ਸੋਰਠਿ, ਮਃ 5)

He lives a long life, but is reincarnated again and again; he has not met with Almighty. ||6||

ਰਾਜ ਲੀਲਾ , ਰਾਜਨ ਕੀ ਰਚਨਾ ; ਕਰਿਆ ਹੁਕਮੁ ਅਫਾਰਾ ॥ (642-6, ਸੋਰਠਿ, ਮਃ 5)

He may enjoy princely pleasures, and regal pomp and ceremony, and issue unchallenged commands.

ਸੇਜ ਸੋਹਨੀ , ਚੰਦਨੁ ਚੋਆ ; ਨਰਕ ਘੋਰ ਕਾ ਦੁਆਰਾ ॥੭॥ (642-6, ਸੋਰਠਿ, ਮਃ 5)

He may lie on beautiful beds, perfumed with sandalwood oil, but this will led him only to the gates of the most horrible hell. ||7||

ਹਰਿ ਕੀਰਤਿ , ਸਾਧਸੰਗਤਿ ਹੈ ; ਸਿਰਿ ਕਰਮਨ ਕੈ ਕਰਮਾ ॥ (642-7, ਸੋਰਠਿ, ਮਃ 5)

Singing the Kirtan of Almighty's Praises in the Saadh Sangat, the Company of the Holy, is the highest of all actions.

ਕਹੁ ਨਾਨਕ , ਤਿਸੁ ਭਇਓ ਪਰਾਪਤਿ ;
ਜਿਸੁ ਪੁਰਬ ਲਿਖੇ ਕਾ ਲਹਨਾ ॥੮॥ (642-7, ਸੋਰਠਿ, ਮਃ 5)

Says Nanak, he alone obtains it, who is pre-destined to receive it. ||8||

ਤੇਰੋ ਸੇਵਕੁ ; ਇਹ ਰੰਗਿ ਮਾਤਾ ॥ (ਮਾੱਤਾ ਬੋਲੋ) (642-8, ਸੋਰਠਿ, ਮਃ 5)

Your slave is intoxicated with this Love of Yours.

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ; ਹਰਿ ਹਰਿ ਕੀਰਤਨਿ ,
ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥ (ਰਾੱਤਾ ਬੋਲੋ) (642-8, ਸੋਰਠਿ, ਮਃ 5)

The Destroyer of the pains of the poor has become merciful to me, and this mind is imbued with the Praises of Almighty. ||Second Pause||1||3||

ਰਾਗੁ ਸੋਰਠਿ ; ਵਾਰ , ਮਹਲੇ ੪ ਕੀ (ਚਉਥੇ ਕੀ ਬੋਲੋ) (642-10)

Vaar of Raag Sorath, Fourth Mahala:

ੴ ; ਸਤਿਗੁਰ ਪ੍ਰਸਾਦਿ ॥ (642-10)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਲੋਕੁ , ਮਃ ੧ ॥ (642-11)

Salok, First Mahala:

ਸੋਰਠਿ ਸਦਾ ਸੁਹਾਵਣੀ ; ਜੇ ਸਚਾ ਮਨਿ ਹੋਇ ॥ (642-11, ਸੋਰਠਿ, ਮਃ 1)

Sorath is always beautiful, if it brings the Almighty to dwell in the mind of the soul-bride.

ਦੰਦੀ ਮੈਲੁ ਨ , ਕਤੁ ਮਨਿ ; ਜੀਭੈ , ਸਚਾ ਸੋਇ ॥ (642-11, ਸੋਰਠਿ, ਮਃ 1)

Her teeth are clean and her mind is not split by duality; the Name of the Almighty is on her tongue.

ਸਸੁਰੈ ਪੇਈਐ ਭੈ ਵਸੀ ; ਸਤਿਗੁਰੁ ਸੇਵਿ ਨਿਸੰਗ ॥ (642-12, ਸੋਰਠਿ, ਮਃ 1)

Here and hereafter, she abides in the Fear of God, and serves the True Guru without hesitation.

ਪਰਹਰਿ ਕਪੜੁ ਜੇ ਪਿਰ ਮਿਲੈ ; ਖੁਸੀ ਰਾਵੈ ਪਿਰੁ ਸੰਗਿ ॥ (642-12, ਸੋਰਠਿ, ਮਃ 1)

Discarding worldly adornments, she meets her Husband Lord, and she celebrates joyfully with Him.

ਸਦਾ ਸੀਗਾਰੀ ਨਾਉ ਮਨਿ ; ਕਦੇ , ਨ ਮੈਲੁ ਪਤੰਗੁ ॥ (642-12, ਸੋਰਠਿ, ਮਃ 1)

She is adorned forever with the Name in her mind, and she does not have even an iota of filth.

ਦੇਵਰ ਜੇਠ ਮੁਏ , ਦੁਖਿ ; ਸਸੂ ਕਾ ਡਰੁ ਕਿਸੁ ॥ (642-13, ਸੋਰਠਿ, ਮਃ 1)

Her greed of accumulating (husband's younger brother) and greed of consumption (husband's elder brothers) died in pain; and now, who fears Maya (the mother-in-law)?

ਜੇ ਪਿਰ ਭਾਵੈ ਨਾਨਕਾ ; ਕਰਮ ਮਣੀ ਸਭੁ ਸਚੁ ॥੧॥ (642-13, ਸੋਰਠਿ, ਮਃ 1)

If she becomes pleasing to her Husband Lord, Guru Nanak says, she bears the jewel of good karma upon her forehead, and everything is Truth to her. ||1||

ਮਃ ੪ ॥ (642-14)

Fourth Mahala:

ਸੋਰਠਿ ਤਾਮਿ ਸੁਹਾਵਣੀ ; ਜਾ ਹਰਿ ਨਾਮੁ ਢੰਢੋਲੇ ॥ (642-14, ਸੋਰਠਿ, ਮਃ 4)

Sorath is beautiful only when it leads the soul-bride to seek the Almighty's Name.

ਗੁਰ ਪੁਰਖੁ ਮਨਾਵੈ ਆਪਣਾ ; ਗੁਰਮਤੀ ਹਰਿ ਹਰਿ ਬੋਲੇ ॥ (642-14, ਸੋਰਠਿ, ਮਃ 4)

She pleases her Guru and God; under Guru's Instruction, she speaks Almighty's Name (Naam).

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ; ਹਰਿ ਰਤੀ ਹਰਿ ਰੰਗਿ ਚੋਲੇ ॥ (642-15, ਸੋਰਠਿ, ਮਃ 4)

She is attracted to the Almighty's Name, day and night, and her body is drenched in the color of the Love of Almighty.

ਹਰਿ ਜੈਸਾ ਪੁਰਖੁ ਨ ਲਭਈ ; ਸਭੁ ਦੇਖਿਆ ਜਗਤੁ ਮੈ ਟੋਲੇ ॥ (642-15, ਸੋਰਠਿ, ਮਃ 4)

No other being like Almighty can be found; I have looked and searched over the whole world.

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ; ਮਨੁ , ਅਨਤ ਨ ਕਾਹੂ ਡੋਲੇ ॥ (642-16, ਸੋਰਠਿ, ਮਃ 4)

The Guru, the True Guru, has implanted Almighty's Name (Naam) within me; my mind does not waver any more.

ਜਨੁ ਨਾਨਕੁ ਹਰਿ ਕਾ ਦਾਸੁ ਹੈ ; ਗੁਰ ਸਤਿਗੁਰ ਕੇ ਗੋਲ ਗੋਲੇ ॥੨॥ (642-17, ਸੋਰਠਿ, ਮਃ 4)

Servant Nanak is Almighty's slave, the slave of the slaves of the Guru, the True Guru. ||2||

ਪਉੜੀ ॥ (642-17)

Pauree:

ਤੂ ਆਪੇ ਸਿਸਟਿ ਕਰਤਾ ; ਸਿਰਜਣਹਾਰਿਆ ॥ (642-17, ਸੋਰਠਿ, ਮਃ 4)

You Yourself are the Creator, the Fashioner of the world.

ਤੁਧੁ ਆਪੇ ਖੇਲੁ ਰਚਾਇ ; ਤੁਧੁ ਆਪਿ ਸਵਾਰਿਆ ॥ (642-18, ਸੋਰਠਿ, ਮਃ 4)

You Yourself have arranged the play, and You Yourself arrange it.

ਦਾਤਾ ਕਰਤਾ ਆਪਿ ; ਆਪਿ ਭੋਗਣਹਾਰਿਆ ॥ (642-18, ਸੋਰਠਿ, ਮਃ 4)

You Yourself are the Giver and the Creator; You Yourself are the Enjoyer.

ਸਭੁ ਤੇਰਾ ਸਬਦੁ ਵਰਤੈ ; ਉਪਾਵਣਹਾਰਿਆ ॥ (642-19, ਸੋਰਠਿ, ਮਃ 4)

The Guru's Shabad (Gurbani) is pervading everywhere, O Creator Lord.

ਹਉ ਗੁਰਮੁਖਿ ਸਦਾ ਸਲਾਹੀ ; ਗੁਰ ਕਉ ਵਾਰਿਆ ॥੧॥ (642-19, ਸੋਰਠਿ, ਮਃ 4)

As Gurmukh, I ever praise Almighty; I am a sacrifice to the Guru. ||1||

ਸਲੋਕੁ , ਮਃ ੩ ॥ (643-1)

Salok, Third Mahala:

ਹਉਮੈ ਜਲਤੇ ਜਲਿ ਮੁਏ ; ਭ੍ਰਮਿ ਆਏ ਦੂਜੈ ਭਾਇ ॥ (643-1, ਸੋਰਠਿ, ਮਃ 3)

In the flames of egotism, he is burnt to death; he wanders in doubt and the love of duality.

ਪੂਰੈ ਸਤਿਗੁਰਿ ਰਾਖਿ ਲੀਏ ; ਆਪਣੈ ਪੰਨੈ ਪਾਇ ॥ (643-1, ਸੋਰਠਿ, ਮਃ 3)

The Perfect True Guru saves him, making him His own.

ਇਹੁ ਜਗੁ ਜਲਤਾ ਨਦਰੀ ਆਇਆ ; ਗੁਰ ਕੈ ਸਬਦਿ ਸੁਭਾਇ ॥ (643-2, ਸੋਰਠਿ, ਮਃ 3)

This world is burning; through the Sublime Guru's Shabad, this comes to be seen.

ਸਬਦਿ ਰਤੇ ਸੇ ਸੀਤਲ ਭਏ ; (ਰੱਤੇ ਬੋਲੋ)
ਨਾਨਕ , ਸਚੁ ਕਮਾਇ ॥੧॥ (643-2, ਸੋਰਠਿ, ਮਃ 3)

Those who are attuned to the Shabad are cooled and soothed; Guru Nanak says, they practice Truth. ||1||

ਮਃ ੩ ॥ (643-3)

Third Mahala:

ਸਫਲਿਓ ਸਤਿਗੁਰੁ ਸੇਵਿਆ ; ਧੰਨੁ ਜਨਮੁ ਪਰਵਾਣੁ ॥ (643-3, ਸੋਰਠਿ, ਮਃ 3)

Service to the True Guru is fruitful and rewarding; blessed and acceptable is such a life.

ਜਿਨਾ, ਸਤਿਗੁਰੁ , ਜੀਵਦਿਆ ਮੁਇਆ ਨ ਵਿਸਰੈ ;
ਸੇਈ ਪੁਰਖ ਸੁਜਾਣ ॥ (643-3, ਸੋਰਠਿ, ਮਃ 3)

Those who do not forget the True Guru, in life and in death, are truly wise people.

ਕੁਲੁ ਉਧਾਰੇ ਆਪਣਾ ; ਸੋ ਜਨੁ ਹੋਵੈ ਪਰਵਾਣੁ ॥ (643-4, ਸੋਰਠਿ, ਮਃ 3)

Their families are saved, and they are approved by Almighty.

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ; ਮਨਮੁਖ ਜਨਮਿ ਮਰਾਹਿ ॥ (643-4, ਸੋਰਠਿ, ਮਃ 3)

The Gurmukhs are approved in death as in life, while the self-willed manmukhs continue the cycle of birth and death.

ਨਾਨਕ , ਮੁਏ ਨ ਆਖੀਅਹਿ ;
ਜਿ ਗੁਰ ਕੈ ਸਬਦਿ ਸਮਾਹਿ ॥੨॥ (643-5, ਸੋਰਠਿ, ਮਃ 3)

Guru Nanak says, they are not described as dead, who are absorbed in Guru's Shabad. ||2||

ਪਉੜੀ ॥ (643-5)

Pauree:

ਹਰਿ ਪੁਰਖੁ ਨਿਰੰਜਨੁ ਸੇਵਿ ; ਹਰਿ ਨਾਮੁ ਧਿਆਈਐ ॥ (643-6, ਸੋਰਠਿ, ਮਃ 3)

Serve the Immaculate Almighty, and meditate on the Almighty's Name.

ਸਤਸੰਗਤਿ ਸਾਧੂ ਲਗਿ ; ਹਰਿ ਨਾਮਿ ਸਮਾਈਐ ॥ (643-6, ਸੋਰਠਿ, ਮਃ 3)

Join the Society of the Holy Saints, and be absorbed in the Almighty's Name.

ਹਰਿ ਤੇਰੀ ਵਡੀ ਕਾਰ ; ਮੈ ਮੂਰਖ ਲਾਈਐ ॥ (643-6, ਸੋਰਠਿ, ਮਃ 3)

Dear Almighty, glorious and great is service to You; I am so foolish

ਹਉ ਗੋਲਾ ਲਾਲਾ ਤੁਧੁ ; ਮੈ ਹੁਕਮੁ ਫੁਰਮਾਈਐ ॥ (643-7, ਸੋਰਠਿ, ਮਃ 3)

- please, commit me to it. I am Your servant and slave; command me, according to Your Will.

ਹਉ ਗੁਰਮੁਖਿ ਕਾਰ ਕਮਾਵਾ ; ਜਿ ਗੁਰਿ ਸਮਝਾਈਐ ॥੨॥ (643-7, ਸੋਰਠਿ, ਮਃ 3)

As Gurmukh, I shall serve You, as Guru has instructed me. ||2||

ਸਲੋਕੁ , ਮਃ ੩ ॥ (643-8)

Salok, Third Mahala:

ਪੂਰਬਿ ਲਿਖਿਆ ਕਮਾਵਣਾ ; ਜਿ ਕਰਤੈ ਆਪਿ ਲਿਖਿਆਸੁ ॥ (643-8, ਸੋਰਠਿ, ਮਃ 3)
He acts according to pre-ordained destiny, written by the Creator Himself.

ਮੋਹ ਠਗਉਲੀ ਪਾਈਅਨੁ ; ਵਿਸਰਿਆ ਗੁਣਤਾਸੁ ॥ (643-9, ਸੋਰਠਿ, ਮਃ 3)
Emotional attachment has drugged him, and he has forgotten Almighty, the treasure of virtue.

ਮਤੁ ਜਾਣਹੁ ਜਗੁ ਜੀਵਦਾ ; ਦੂਜੈ ਭਾਇ ਮੁਇਆਸੁ ॥ (643-9, ਸੋਰਠਿ, ਮਃ 3)
Don't think that he is alive in the world - he is dead, through the love of duality.

ਜਿਨੀ ਗੁਰਮੁਖਿ ਨਾਮੁ ਨ ਚੇਤਿਓ ; ਸੇ ਬਹਣਿ ਨ ਮਿਲਨੀ ਪਾਸਿ ॥ (643-9, ਸੋਰਠਿ, ਮਃ 3)
Those who do not meditate on Almighty, as Gurmukh, are not permitted to sit near Almighty.

ਦੁਖੁ ਲਾਗਾ ਬਹੁ ਅਤਿ ਘਣਾ ; ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥(643-10, ਸੋਰਠਿ, ਮਃ 3)
They suffer the most horrible pain and suffering, and neither their sons nor their wives go along with them.

ਲੋਕਾ ਵਿਚਿ ਮੁਹੁ ਕਾਲਾ ਹੋਆ ; ਅੰਦਰਿ ਉਭੇ ਸਾਸ ॥ (643-11, ਸੋਰਠਿ, ਮਃ 3)
Their faces are blackened among men, and they sigh in deep regret.

ਮਨਮੁਖਾ ਨੋ , ਕੋ ਨ ਵਿਸਹੀ ; ਚੁਕਿ ਗਇਆ ਵੇਸਾਸੁ ॥ (643-11, ਸੋਰਠਿ, ਮਃ 3)
No one places any reliance in the self-willed manmukhs; trust in them is lost.

ਨਾਨਕ , ਗੁਰਮੁਖਾ ਨੋ ਸੁਖੁ ਅਗਲਾ ;
ਜਿਨਾ ਅੰਤਰਿ ਨਾਮ ਨਿਵਾਸੁ ॥੧॥ (643-12, ਸੋਰਠਿ, ਮਃ 3)
Guru Nanak says, the Gurmukhs live in absolute peace; Almighty's Name (Naam), abides within them. ||1||

ਮਃ ੩ ॥ (643-12)
Third Mahala:

ਸੇ ਸੈਣ , ਸੇ ਸਜਣਾ ; ਜਿ ਗੁਰਮੁਖਿ ਮਿਲਹਿ ਸੁਭਾਇ ॥ (643-12, ਸੋਰਠਿ, ਮਃ 3)
They alone are relatives, and they alone are friends, who, as Gurmukh, join together in love.

ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ; ਸੇ ਸਚਿ ਰਹੇ ਸਮਾਇ ॥ (643-13, ਸੋਰਠਿ, ਮਃ 3)
Night and day, they act according to the True Guru's Will; they remain absorbed in the True Name.

ਦੂਜੈ ਭਾਇ ਲਗੇ , ਸਜਣ ਨ ਆਖੀਅਹਿ ;
ਜਿ ਅਭਿਮਾਨੁ ਕਰਹਿ ਵੇਕਾਰ ॥ (643-13, ਸੋਰਠਿ, ਮਃ 3)

Those who are attached to the love of duality (Maya) are not called friends; they commit evil desires in egotism.

ਮਨਮੁਖ ਆਪ ਸੁਆਰਥੀ ; ਕਾਰਜੁ ਨ ਸਕਹਿ ਸਵਾਰਿ ॥ (643-14, ਸੋਰਠਿ, ਮਃ 3)

ਵਰੁ ਪਾਇਅੜਾ ਬਾਲੜੀਏ ; ਆਸਾ ਮਨਸਾ ਪੂਰੀ ਰਾਮ ॥ (765-5, ਸੂਹੀ, ਮਃ 1)

The young bride has found her Husband Lord; her hopes and desires are fulfilled.

ਪਿਰਿ ਰਾਵਿਅੜੀ ਸਬਦਿ ਰਲੀ ; ਰਵਿ ਰਹਿਆ , ਨਹ ਦੂਰੀ ਰਾਮ ॥ (765-5, ਸੂਹੀ, ਮਃ 1)

She enjoys and ravishes her Husband Lord, and blends into the Guru's Shabad (Gurbani), pervading and permeating everywhere; Almighty is not far away.

ਪ੍ਰਭੁ ਦੂਰਿ ਨ ਹੋਈ , ਘਟਿ ਘਟਿ ਸੋਈ ; ਤਿਸ ਕੀ ਨਾਰਿ ਸਬਾਈ ॥ (765-6, ਸੂਹੀ, ਮਃ 1)

God is not far away; He is in each and every heart. All are His brides.

ਆਪੇ ਰਸੀਆ , ਆਪੇ ਰਾਵੇ ; ਜਿਉ ਤਿਸ ਦੀ ਵਡਿਆਈ ॥ (765-7, ਸੂਹੀ, ਮਃ 1)

He Himself is the Enjoyer, He Himself ravishes and enjoys; this is His glorious greatness.

ਅਮਰ ਅਡੋਲੁ ਅਮੋਲੁ ਅਪਾਰਾ ; (ਅ-ਮਰ, ਅ-ਡੋਲ, ਅ-ਮੋਲੁ, ਅ-ਪਾਰਾ ਬੋਲੋ)
ਗੁਰਿ ਪੂਰੈ ਸਚੁ ਪਾਈਐ ॥ (765-7, ਸੂਹੀ, ਮਃ 1)

He is imperishable, immovable, invaluable and infinite. Almighty is obtained through the Perfect Guru.

ਨਾਨਕ , ਆਪੇ ਜੋਗ ਸਜੋਗੀ ; ਨਦਰਿ ਕਰੇ ਲਿਵ ਲਾਈਐ ॥੩॥ (765-8, ਸੂਹੀ, ਮਃ 1)

Guru Nanak says, He Himself unites in Union; by His Glance of Grace, He lovingly attunes them to Himself. ||3||

ਪਿਰੁ ਉਚੜੀਐ ਮਾੜੜੀਐ ; ਤਿਹੁ ਲੋਆ , ਸਿਰਤਾਜਾ ਰਾਮ ॥ (765-8, ਸੂਹੀ, ਮਃ 1)

My Husband Lord dwells in the loftiest balcony; He is the Supreme Lord of the three worlds.

ਹਉ ਬਿਸਮ ਭਈ ਦੇਖਿ ਗੁਣਾ ; ਅਨਹਦ ਸਬਦ ਅਗਾਜਾ ਰਾਮ ॥ (765-9, ਸੂਹੀ, ਮਃ 1)

I am amazed, gazing upon His glorious excellence; the unstruck sound current of the Shabad vibrates and resonates.

ਸਬਦੁ ਵੀਚਾਰੀ ਕਰਣੀ ਸਾਰੀ ; ਰਾਮ ਨਾਮੁ ਨੀਸਾਣੋ ॥ (765-9, ਸੂਹੀ, ਮਃ 1)

I contemplate the Shabad, and perform sublime deeds; I am blessed with the insignia, the banner of the Almighty's Name.

ਨਾਮ ਬਿਨਾ ਖੋਟੇ ਨਹੀ ਠਾਹਰ ; ਨਾਮੁ ਰਤਨੁ ਪਰਵਾਣੋ ॥ (765-10, ਸੂਹੀ, ਮਃ 1)

Without Almighty's Name (Naam), the false find no place of rest; only the jewel of Almighty's Name (Naam) brings acceptance and renown.

ਪਤਿ ਮਤਿ ਪੂਰੀ , ਪੂਰਾ ਪਰਵਾਨਾ ; ਨਾ ਆਵੈ ਨਾ ਜਾਸੀ ॥ (765-10, ਸੂਹੀ, ਮਃ 1)

Perfect is my honour; perfect is my intellect and password. I shall not have to come or go.

ਨਾਨਕ , ਗੁਰਮੁਖਿ ਆਪੁ ਪਛਾਣੈ ;
ਪ੍ਰਭ ਜੈਸੇ ਅਵਿਨਾਸੀ ॥੪॥੧॥੩॥ (765-11, ਸੂਹੀ, ਮਃ 1)

Guru Nanak says, the Gurmukh understands her own self; she becomes like her Imperishable Almighty. ||4||1||3||

ੴ ; ਸਤਿਗੁਰ ਪ੍ਰਸਾਦਿ ॥ (765-12)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਰਾਗੁ ਸੂਹੀ , ਛੰਤ ; ਮਹਲਾ ੧ , ਘਰੁ ੪ ॥ (765-12)

Raag Suhi, Chhant, First Mahala, Fourth House:

ਜਿਨਿ ਕੀਆ ਤਿਨਿ ਦੇਖਿਆ ; ਜਗੁ ਧੰਧੜੈ ਲਾਇਆ ॥ (765-12, ਸੂਹੀ, ਮਃ 1)

The One who created the world, watches over it; He enjoins the people of the world to their tasks.

ਦਾਨਿ ਤੇਰੈ ਘਟਿ ਚਾਨਣਾ ; ਤਨਿ ਚੰਦੁ ਦੀਪਾਇਆ ॥ (765-13, ਸੂਹੀ, ਮਃ 1)

Your gifts, Dear Almighty, illuminate the heart, and the moon casts its light on the body.

ਚੰਦੋ ਦੀਪਾਇਆ ਦਾਨਿ ਹਰਿ ਕੈ ; ਦੁਖੁ ਅੰਧੇਰਾ ਉਠਿ ਗਇਆ ॥ (765-13, ਸੂਹੀ, ਮਃ 1)

The moon glows, by Almighty's gift, and the darkness of suffering is taken away.

ਗੁਣ ਜੰਞ , ਲਾੜੇ ਨਾਲਿ ਸੋਹੈ ; ਪਰਖਿ ਮੋਹਣੀਐ ਲਇਆ ॥ (765-14, ਸੂਹੀ, ਮਃ 1)

The marriage party of virtue looks beautiful with the Groom; He chooses His enticing bride with care.

ਵੀਵਾਹੁ ਹੋਆ ਸੋਭ ਸੇਤੀ ; ਪੰਚ ਸਬਦੀ ਆਇਆ ॥ (765-14, ਸੂਹੀ, ਮਃ 1)

The wedding is performed with glorious splendor; He has arrived, accompanied by the vibrations of the Panch Shabad, the Five Primal Sounds.

ਜਿਨਿ ਕੀਆ ਤਿਨਿ ਦੇਖਿਆ ; ਜਗੁ ਧੰਧੜੈ ਲਾਇਆ ॥੧॥ (765-15, ਸੂਹੀ, ਮਃ 1)

The One who created the world, watches over it; He enjoins the people of the world to their tasks. ||1||

ਹਉ ਬਲਿਹਾਰੀ ਸਾਜਨਾ ; ਮੀਤਾ ਅਵਰੀਤਾ ॥ (ਅਵ-ਰੀਤਾ ਬੋਲੋ) (765-15, ਸੂਹੀ, ਮਃ 1)

I am a sacrifice to my pure friends, the immaculate Saints.

ਇਹੁ ਤਨੁ ਜਿਨ ਸਿਉ ਗਾਡਿਆ ; ਮਨੁ ਲੀਅੜਾ ਦੀਤਾ ॥ (765-16, ਸੂਹੀ, ਮਃ 1)

This body is attached to them, and we have shared our minds.

ਲੀਆ ਤ ਦੀਆ ਮਾਨੁ ਜਿਨ੍ ਸਿਉ ; ਸੇ ਸਜਨ ਕਿਉ ਵੀਸਰਹਿ ॥ (765-16, ਸੂਹੀ, ਮਃ 1)

We have shared our minds - how could I forget those friends?

ਜਿਨ੍ ਦਿਸਿਆਇਆ , ਹੋਹਿ ਰਲੀਆ ; (ਦਿਸਿ-ਆਇਆ ਬੋਲੋ)
ਜੀਅ ਸੇਤੀ ਗਹਿ ਰਹਹਿ ॥ (765-17, ਸੂਹੀ, ਮਃ 1)

Seeing them brings joy to my heart; I keep them clasped to my soul.

ਸਗਲ ਗੁਣ ਅਵਗਣੁ ਨ ਕੋਈ ; ਹੋਹਿ ਨੀਤਾ ਨੀਤਾ ॥ (765-17, ਸੂਹੀ, ਮਃ 1)

They have all virtues and merits, forever and ever; they have no demerits or faults at all.

ਹਉ ਬਲਿਹਾਰੀ ਸਾਜਨਾ ; ਮੀਤਾ ਅਵਰੀਤਾ ॥੨॥ (ਅਵ-ਰੀਤਾ ਬੋਲੋ) (765-18, ਸੂਹੀ, ਮਃ 1)

I am a sacrifice to my pure friends, the immaculate Saints. ||2||

ਗੁਣਾ ਕਾ ਹੋਵੈ ਵਾਸੁਲਾ ; ਕਢਿ ਵਾਸੁ ਲਈਜੈ ॥ (765-18, ਸੂਹੀ, ਮਃ 1)

One who has a basket of fragrant virtues, should enjoy its fragrance.

ਜੇ ਗੁਣ ਹੋਵਨ੍ਹਿ ਸਾਜਨਾ ; ਮਿਲਿ ਸਾਝ ਕਰੀਜੈ ॥ (765-18, ਸੂਹੀ, ਮਃ 1)

If my friends have virtues, I will share in them.

ਸਾਝ ਕਰੀਜੈ ਗੁਣਹ ਕੇਰੀ ; ਛੋਡਿ ਅਵਗਣ ਚਲੀਐ ॥ (766-1, ਸੂਹੀ, ਮਃ 1)

Let us form a partnership, and share our virtues; let us abandon our faults, and walk on the Path.

ਪਹਿਰੇ ਪਟੰਬਰ , ਕਰਿ ਅਡੰਬਰ ; ਆਪਣਾ ਪਿੜੁ ਮਲੀਐ ॥ (766-1, ਸੂਹੀ, ਮਃ 1)

Let us wear our virtues like silk clothes; let us decorate ourselves, and enter the arena.

ਜਿਥੈ ਜਾਇ ਬਹੀਐ , ਭਲਾ ਕਹੀਐ ; ਝੋਲਿ ਅੰਮ੍ਰਿਤੁ ਪੀਜੈ ॥ (766-2, ਸੂਹੀ, ਮਃ 1)

Let us speak of goodness, wherever we go and sit; let us skim off the Ambrosial Nectar, and drink it in.

ਗੁਣਾ ਕਾ ਹੋਵੈ ਵਾਸੁਲਾ ; ਕਢਿ ਵਾਸੁ ਲਈਜੈ ॥੩॥ (766-2, ਸੂਹੀ, ਮਃ 1)

One who has a basket of fragrant virtues, should enjoy its fragrance. ||3||

ਆਪਿ ਕਰੇ ਕਿਸੁ ਆਖੀਐ ; ਹੋਰੁ ਕਰੇ ਨ ਕੋਈ ॥ (766-3, ਸੂਹੀ, ਮਃ 1)

He Himself acts; unto whom should we complain? No one else does anything.

ਆਖਣ ਤਾ ਕਉ ਜਾਈਐ ; ਜੇ ਭੂਲੜਾ ਹੋਈ ॥ (766-3, ਸੂਹੀ, ਮਃ 1)

Go ahead and complain to Him, if He makes a mistake.

ਜੇ ਹੋਇ ਭੂਲਾ , ਜਾਇ ਕਹੀਐ ; ਆਪਿ ਕਰਤਾ ਕਿਉ ਭੁਲੈ ॥ (766-4, ਸੂਹੀ, ਮਃ 1)

If He makes a mistake, go ahead and complain to Him; but how can the Creator Himself make a mistake?

ਸੁਣੇ ਦੇਖੇ ਬਾਝੁ ਕਹਿਐ ;
ਦਾਨੁ ਅਣਮੰਗਿਆ ਦਿਵੈ ॥ (ਅਣ-ਮੰਗਿਆ ਬੋਲੋ) (766-4, ਸੂਹੀ, ਮਃ 1)

He sees, He hears, and without our asking, without our begging, He gives His gifts.

ਦਾਨੁ ਦੇਇ ਦਾਤਾ ਜਗਿ ਬਿਧਾਤਾ ; ਨਾਨਕਾ ਸਚੁ ਸੋਈ ॥ (766-5, ਸੂਹੀ, ਮਃ 1)

The Great Giver, the Architect of the Universe, gives His gifts. Guru Nanak says, He is Almighty.

ਆਪਿ ਕਰੇ ਕਿਸੁ ਆਖੀਐ ; ਹੋਰੁ ਕਰੇ ਨ ਕੋਈ ॥੪॥੧॥੪॥ (766-5, ਸੂਹੀ, ਮਃ 1)

He Himself acts; unto whom should we complain? No one else does anything. ||4||1||4||

ਸੂਹੀ , ਮਹਲਾ ੧ ॥ (766-6)

Suhi, First Mahala:

ਮੇਰਾ ਮਨੁ ਰਾਤਾ , ਗੁਣ ਰਵੈ ; ਮਨਿ ਭਾਵੈ ਸੋਈ ॥ (ਰਾੱਤਾ ਬੋਲੋ) (766-6, ਸੂਹੀ, ਮਃ 1)

My mind is imbued with His Glorious Praises; I chant them, and He is pleasing to my mind.

ਗੁਰ ਕੀ ਪਉੜੀ ਸਾਚ ਕੀ ; ਸਾਚਾ ਸੁਖੁ ਹੋਈ ॥ (766-6, ਸੂਹੀ, ਮਃ 1)

Truth is the ladder to the Guru; climbing up to Almighty, peace is obtained.

ਸੁਖਿ ਸਹਜਿ ਆਵੈ ਸਾਚ ਭਾਵੈ ; ਸਾਚ ਕੀ ਮਤਿ , ਕਿਉ ਟਲੈ ॥ (766-7, ਸੂਹੀ, ਮਃ 1)

Celestial peace comes; the Truth pleases me. How could these True Teachings ever be erased?

ਇਸਨਾਨੁ ਦਾਨੁ ਸੁਗਿਆਨੁ ਮਜਨੁ ; (ਸੁ-ਗਿਆਨ, ਮਜੱਨੁ ਬੋਲੋ)
ਆਪਿ ਅਛਲਿਓ ਕਿਉ ਛਲੈ ॥ ('ਅਛੱਲਿਓ' ਨਹੀਂ ਬੋਲੋ) (766-7, ਸੂਹੀ, ਮਃ 1)

He Himself is Undeceivable; how could He ever be deceived by cleansing baths, charity, spiritual wisdom or ritual bathings?

ਪਰਪੰਚ ਮੋਹ ਬਿਕਾਰ ਥਾਕੇ ; ਕੂੜੁ ਕਪਟੁ ਨ ਦੋਈ ॥ (766-8, ਸੂਹੀ, ਮਃ 1)

Fraud, attachment and evil desires are taken away, as are falsehood, hypocrisy and duality.

ਮੇਰਾ ਮਨੁ ਰਾਤਾ ; ਗੁਣ ਰਵੈ ਮਨਿ ਭਾਵੈ ਸੋਈ ॥੧॥ (ਰਾੱਤਾ ਬੋਲੋ) (766-8, ਸੂਹੀ, ਮਃ 1)

My mind is imbued with His Glorious Praises; I chant them, and He is pleasing to my mind. ||1||

ਸਾਹਿਬੁ ਸੋ ਸਾਲਾਹੀਐ ; ਜਿਨਿ ਕਾਰਣੁ ਕੀਆ ॥ (766-9, ਸੂਹੀ, ਮਃ 1)

So praise your Master, who is the cause of all causes means whio created the entire creation.

ਮੈਲੁ ਲਾਗੀ ਮਨਿ ਮੈਲਿਐ ; ਕਿਨੈ ਅੰਮ੍ਰਿਤੁ ਪੀਆ ॥ (766-9, ਸੂਹੀ, ਮਃ 1)

Filth sticks to the polluted mind; how rare are those who drink in the Ambrosial Nectar.

ਮਥਿ ਅੰਮ੍ਰਿਤੁ ਪੀਆ , ਇਹੁ ਮਨੁ ਦੀਆ ;
ਗੁਰ ਪਹਿ ਮੋਲੁ ਕਰਾਇਆ ॥ (766-10, ਸੂਹੀ, ਮਃ 1)

Churn this Ambrosial Nectar, and drink it in; dedicate this mind to the Guru, and He will value it highly.

ਆਪਨੜਾ ਪ੍ਰਭੁ ਸਹਜਿ ਪਛਾਤਾ ; ਜਾ ਮਨੁ ਸਾਚੈ ਲਾਇਆ ॥ (766-10, ਸੂਹੀ, ਮਃ 1)

I intuitively realized my God, when I linked my mind to Almighty.

ਤਿਸੁ ਨਾਲਿ ਗੁਣ ਗਾਵਾ , ਜੇ ਤਿਸੁ ਭਾਵਾ ;
ਕਿਉ ਮਿਲੈ ਹੋਇ ਪਰਾਇਆ ॥ (766-11, ਸੂਹੀ, ਮਃ 1)

I will sing Almighty's Glorious Praises with Him, if it pleases Him; how could I meet Him by being a stranger to Him?

ਸਾਹਿਬੁ ਸੋ ਸਾਲਾਹੀਐ ; ਜਿਨਿ ਜਗਤੁ ਉਪਾਇਆ ॥੨॥ (766-12, ਸੂਹੀ, ਮਃ 1)

So praise your Master, who created the creation. ||2||

ਆਇ ਗਇਆ , ਕੀ ਨ ਆਇਓ ; ਕਿਉ ਆਵੈ ਜਾਤਾ ॥ (766-12, ਸੂਹੀ, ਮਃ 1)

When He comes, what else remains behind? How can there be any coming or going then?

ਪ੍ਰੀਤਮ ਸਿਉ ਮਨੁ ਮਾਨਿਆ ; ਹਰਿ ਸੇਤੀ ਰਾਤਾ ॥ (ਰਾੱਤਾ ਬੋਲੋ) (766-13, ਸੂਹੀ, ਮਃ 1)

When the mind is reconciled with its Beloved Lord, it is blended with Him.

ਸਾਹਿਬ ਰੰਗਿ ਰਾਤਾ , ਸਚ ਕੀ ਬਾਤਾ ; (ਰਾੱਤਾ ਬੋਲੋ)
ਜਿਨਿ ਬਿੰਬ ਕਾ ਕੋਟੁ ਉਸਾਰਿਆ ॥ (766-13, ਸੂਹੀ, ਮਃ 1)

True is the speech of one who is imbued with the Love of his Master, who fashioned the body fortress from a mere bubble.

ਪੰਚਭੂ ਨਾਇਕੋ , ਆਪਿ ਸਿਰੰਦਾ ; (ਪੰਚ-ਭੂ ਬੋਲੋ)
ਜਿਨਿ ਸਚ ਕਾ ਪਿੰਡੁ ਸਵਾਰਿਆ ॥ (766-14, ਸੂਹੀ, ਮਃ 1)

He is the Master of the five elements; He Himself is the Creator Lord. He embellished the body with Truth.

ਹਮ ਅਵਗਣਿਆਰੇ ਤੂ ਸੁਣਿ ਪਿਆਰੇ ;
ਤੁਧੁ ਭਾਵੈ ਸਚੁ ਸੋਈ ॥ (766-14, ਸੂਹੀ, ਮਃ 1)

I am worthless; please hear me, O my Beloved! Whatever pleases You is True.

ਆਵਣ ਜਾਣਾ ਨਾ ਥੀਐ ; ਸਾਚੀ ਮਤਿ ਹੋਈ ॥੩॥ (766-15, ਸੂਹੀ, ਮਃ 1)

One who is blessed with true understanding, does not come and go. ||3||

ਅੰਜਨੁ ਤੈਸਾ ਅੰਜੀਐ ; ਜੈਸਾ ਪਿਰ ਭਾਵੈ ॥ (766-15, ਸੂਹੀ, ਮਃ 1)

Apply such an ointment to your eyes, which is pleasing to your Beloved.

ਸਮਝੈ ਸੂਝੈ ਜਾਣੀਐ ; ਜੇ ਆਪਿ ਜਾਣਾਵੈ ॥ (766-16, ਸੂਹੀ, ਮਃ 1)

I realize, understand and know Him, only if He Himself causes me to know Him.

ਆਪਿ ਜਾਣਾਵੈ ਮਾਰਗਿ ਪਾਵੈ ; ਆਪੇ ਮਨੂਆ ਲੇਵਏ ॥ (766-16, ਸੂਹੀ, ਮਃ 1)

He Himself shows me the Way, and He Himself leads me to it, attracting my mind.

ਕਰਮ ਸੁਕਰਮ ਕਰਾਏ ਆਪੇ ; ਕੀਮਤਿ ਕਉਣ ਅਭੇਵਏ ॥ (766-17, ਸੂਹੀ, ਮਃ 1)

He Himself causes us to do good and bad deeds; who can know the value of the Mysterious Lord?

ਤੰਤੁ ਮੰਤੁ ਪਾਖੰਡੁ ਨ ਜਾਣਾ ; ਰਾਮੁ ਰਿਦੈ ਮਨੁ ਮਾਨਿਆ ॥ (766-17, ਸੂਹੀ, ਮਃ 1)

I know nothing of Tantric spells, magical mantras and hypocritical rituals; enshrining Almighty within my heart, my mind is satisfied.

ਅੰਜਨੁ ਨਾਮੁ ਤਿਸੈ ਤੇ ਸੂਝੈ ; ਗੁਰ ਸਬਦੀ ਸਚੁ ਜਾਨਿਆ ॥੪॥ (766-18, ਸੂਹੀ, ਮਃ 1)

The ointment of Almighty's Name (Naam), is only understood by one who realizes Almighty, through Guru's Shabad. ||4||

ਸਾਜਨ ਹੋਵਨਿ ਆਪਣੇ ; ਕਿਉ ਪਰ ਘਰ ਜਾਹੀ ॥ (766-18, ਸੂਹੀ, ਮਃ 1)

I have my own friends; why should I go to the home of a stranger?

ਸਾਜਨ ਰਾਤੇ ਸਚ ਕੇ ; ਸੰਗੇ ਮਨ ਮਾਹੀ ॥ (ਰਾੱਤੇ ਬੋਲੋ) (766-19, ਸੂਹੀ, ਮਃ 1)

My friends are imbued with Almighty; He is with them, in their minds.

ਮਨ ਮਾਹਿ ਸਾਜਨ ਕਰਹਿ ਰਲੀਆ ; ਕਰਮ ਧਰਮ ਸਬਾਇਆ ॥
ਅਠਸਠਿ ਤੀਰਥ ਪੁੰਨ ਪੂਜਾ ; ਨਾਮੁ ਸਾਚਾ ਭਾਇਆ ॥ (766-19, ਸੂਹੀ, ਮਃ 1)

In their minds, these friends celebrate in happiness; all good karma, righteousness and Dharma, the sixty-eight holy places of pilgrimage, charity and worship, are found in the love of the True Name.

ਆਪਿ ਸਾਜੇ ਥਾਪਿ ਵੇਖੈ ; ਤਿਸੈ ਭਾਣਾ ਭਾਇਆ ॥ (767-1, ਸੂਹੀ, ਮਃ 1)

He Himself creates, establishes and beholds all, by the Pleasure of His Will.

ਸਾਜਨ ਰਾਂਗਿ ਰੰਗੀਲੜੇ ; ਰੰਗੁ ਲਾਲੁ ਬਣਾਇਆ ॥੫॥ (767-1, ਸੂਹੀ, ਮਃ 1)

My friends are happy in the Love of Almighty; they nurture love for their Beloved. ||5||

ਅੰਧਾ ਆਗੂ ਜੇ ਥੀਐ ; ਕਿਉ ਪਾਧਰੁ ਜਾਣੈ ॥ (767-2, ਸੂਹੀ, ਮਃ 1)

If a blind man is made the leader, how will he know the way?

ਆਪਿ ਮੁਸੈ , ਮਤਿ ਹੋਛੀਐ ; ਕਿਉ ਰਾਹੁ ਪਛਾਣੈ ॥ (767-2, ਸੂਹੀ, ਮਃ 1)

He is impaired, and his understanding is inadequate; how will he know the way?

ਕਿਉ ਰਾਹਿ ਜਾਵੈ , ਮਹਲੁ ਪਾਵੈ ; ਅੰਧ ਕੀ ਮਤਿ , ਅੰਧਲੀ ॥ (767-3, ਸੂਹੀ, ਮਃ 1)

How can he follow the path and reach the Mansion of Almighty's Presence? Blind is the understanding of the blind.

ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ; ਅੰਧੁ ਬੂਡੌ ਧੰਧਲੀ ॥ (767-3, ਸੂਹੀ, ਮਃ 1)

Without the Almighty's Name, they cannot see anything; the blind are drowned in worldly entanglements.

ਦਿਨੁ ਰਾਤਿ ਚਾਨਣੁ ਚਾਉ ਉਪਜੈ ; ਸਬਦੁ ਗੁਰ ਕਾ ਮਨਿ ਵਸੈ ॥ (767-4, ਸੂਹੀ, ਮਃ 1)

Day and night, the Divine Light shines forth and joy wells up, when the Guru's Shabad abides within the mind.

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ; ਰਾਹੁ ਪਾਧਰੁ ਗੁਰੁ ਦਸੈ ॥੬॥ (767-4, ਸੂਹੀ, ਮਃ 1)

With your palms pressed together, pray to the Guru to show you the way. ||6||

ਮਨੁ ਪਰਦੇਸੀ ਜੇ ਥੀਐ ; ਸਭੁ ਦੇਸੁ ਪਰਾਇਆ ॥ (767-5, ਸੂਹੀ, ਮਃ 1)

If the man becomes a stranger to God, then all the world becomes a stranger to him.

ਕਿਸੁ ਪਹਿ ਖੋਲ੍ਉ ਗੰਠੜੀ ; ਦੂਖੀ ਭਰਿ ਆਇਆ ॥ (767-5, ਸੂਹੀ, ਮਃ 1)

Unto whom should I tie up and give the bundle of my pains?

ਦੂਖੀ ਭਰਿ ਆਇਆ ਜਗਤੁ ਸਬਾਇਆ ;
ਕਉਣੁ ਜਾਣੈ ਬਿਧਿ ਮੇਰੀਆ ॥ (767-6, ਸੂਹੀ, ਮਃ 1)

The whole world is overflowing with pain and suffering; who can know the state of my inner self?

ਆਵਣੇ ਜਾਵਣੇ ਖਰੇ ਡਰਾਵਣੇ ; ਤੋਟਿ ਨ ਆਵੈ ਫੇਰੀਆ ॥ (767-6, ਸੂਹੀ, ਮਃ 1)

Comings and goings are terrible and dreadful; there is no end to the rounds of reincarnation.

ਨਾਮ ਵਿਹੂਣੇ ਊਣੇ ਝੂਣੇ ; ਨਾ ਗੁਰਿ ਸਬਦੁ ਸੁਣਾਇਆ ॥ (767-7, ਸੂਹੀ, ਮਃ 1)

Without Almighty’s Name (Naam), he is empty and fluctuating; he does not listen to the Guru's Shabad.

ਮਨੁ ਪਰਦੇਸੀ ਜੇ ਥੀਐ ; ਸਭੁ ਦੇਸੁ ਪਰਾਇਆ ॥੭॥ (767-7, ਸੂਹੀ, ਮਃ 1)

If the mind becomes a stranger to God, then all the world becomes a stranger to him. ||7||

ਗੁਰ ਮਹਲੀ ਘਰਿ ਆਪਣੈ ; ਸੋ ਭਰਪੁਰਿ ਲੀਣਾ ॥ (767-8, ਸੂਹੀ, ਮਃ 1)

One who finds the Guru's Mansion within the home of his own being, merges in the All-pervading Lord.

ਸੇਵਕੁ ਸੇਵਾ ਤਾਂ ਕਰੇ ; ਸਚ ਸਬਦਿ ਪਤੀਣਾ ॥ (767-8, ਸੂਹੀ, ਮਃ 1)

The sevadar performs selfless service when he is pleased, and confirmed in the True Guru’s Shabad (Gurbani).

ਸਬਦੇ ਪਤੀਜੈ ਅੰਕੁ ਭੀਜੈ ; ਸੁ ਮਹਲੁ , ਮਹਲਾ ਅੰਤਰੇ ॥ (767-9, ਸੂਹੀ, ਮਃ 1)

Confirmed in the Shabad, with her being softened by devotion, the bride dwells in the Mansion of Almighty's Presence, deep within her being.

ਆਪਿ ਕਰਤਾ ਕਰੇ ਸੋਈ ; ਪ੍ਰਭੁ ਆਪਿ ਅੰਤਿ ਨਿਰੰਤਰੇ ॥ (767-9, ਸੂਹੀ, ਮਃ 1)

The Creator Himself creates; God Himself, in the end, is endless.

ਗੁਰ ਸਬਦਿ ਮੇਲਾ ਤਾਂ ਸੁਹੇਲਾ ; ਬਾਜੰਤ ਅਨਹਦ ਬੀਣਾ ॥ (767-10, ਸੂਹੀ, ਮਃ 1)

Through the Guru's Shabad, the mortal is united, and then embellished; the unstruck melody of the sound current resounds.

ਗੁਰ ਮਹਲੀ ਘਰਿ ਆਪਣੈ ; ਸੋ ਭਰਿਪੁਰਿ ਲੀਣਾ ॥੮॥ (767-10, ਸੂਹੀ, ਮਃ 1)

One who finds the Guru's Mansion within the home of his own being, merges in the All-pervading Lord. ||8||

ਕੀਤਾ ਕਿਆ ਸਾਲਾਹੀਐ ; ਕਰਿ ਵੇਖੈ ਸੋਈ ॥ (767-11, ਸੂਹੀ, ਮਃ 1)

Why praise that which is created? Praise instead the One who created it and watches over it.

ਤਾ ਕੀ ਕੀਮਤਿ ਨ ਪਵੈ ; ਜੇ ਲੋਚੈ ਕੋਈ ॥ (767-11, ਸੂਹੀ, ਮਃ 1)

His value cannot be estimated, no matter how much one may wish.

ਕੀਮਤਿ ਸੋ ਪਾਵੈ , ਆਪਿ ਜਾਣਾਵੈ ;
ਆਪਿ ਅਭੁਲੁ ਨ ਭੁਲਏ ॥ (ਅ-ਭੁਲੁ ਬੋਲੋ) (767-12, ਸੂਹੀ, ਮਃ 1)

He alone can estimate Almighty's value, whom Almighty Himself causes to know. He is not mistaken; He does not make mistakes.

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ; ਗੁਰ ਕੈ ਸਬਦਿ ਅਮੁਲਏ ॥ (767-12, ਸੂਹੀ, ਮਃ 1)

He alone celebrates victory, who is pleasing to You, through the Invaluable Guru's Shabad.

ਹੀਣਉ ਨੀਚੁ ਕਰਉ ਬੇਨੰਤੀ ; ਸਾਚੁ ਨ ਛੋਡਉ ਭਾਈ ॥ (767-13, ਸੂਹੀ, ਮਃ 1)

I am lowly and abject - I offer my prayer; may I never forsake the True Name, O Sibling of Destiny.

ਨਾਨਕ , ਜਿਨਿ ਕਰਿ ਦੇਖਿਆ ; ਦੇਵੈ ਮਤਿ ਸਾਈ ॥੯॥੨॥੫॥ (767-13, ਸੂਹੀ, ਮਃ 1)

Guru Nanak says, the One who created the creation, watches over it; He alone bestows understanding. ||9||2||5||

ਰਾਗੁ ਸੂਹੀ , ਛੰਤ ; ਮਹਲਾ ੩ ; ਘਰੁ ੨

Raag Suhi, Chhant, Third Mahala, Second House:

ੴ ; ਸਤਿਗੁਰ ਪ੍ਰਸਾਦਿ ॥ (767-15)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru’s grace.

ਸੁਖ ਸੋਹਿਲੜਾ ; ਹਰਿ ਧਿਆਵਹੁ ॥ (767-16, ਸੂਹੀ, ਮਃ 3)

Meditate on Almighty, and find peace and pleasure.

ਗੁਰਮੁਖਿ ; ਹਰਿ ਫਲੁ ਪਾਵਹੁ ॥ (767-16, ਸੂਹੀ, ਮਃ 3)

As Gurmukh, obtain Almighty's fruitful rewards.

ਗੁਰਮੁਖਿ ਫਲੁ ਪਾਵਹੁ , ਹਰਿ ਨਾਮੁ ਧਿਆਵਹੁ ;
ਜਨਮ ਜਨਮ ਕੇ ਦੂਖ ਨਿਵਾਰੇ ॥ (767-16, ਸੂਹੀ, ਮਃ 3)

As Gurmukh, obtain the fruit of Almighty, and meditate on the Almighty's Name; the pains of countless lifetimes shall be erased.

ਬਲਿਹਾਰੀ ਗੁਰ ਅਪਣੇ ਵਿਟਹੁ ; ਜਿਨਿ ਕਾਰਜ ਸਭਿ ਸਵਾਰੇ ॥ (767-17, ਸੂਹੀ, ਮਃ 3)

I am a sacrifice to my Guru, who has arranged and resolved all my affairs.

ਹਰਿ ਪ੍ਰਭੁ ਕ੍ਰਿਪਾ ਕਰੇ , ਹਰਿ ਜਾਪਹੁ ; ਸੁਖ ਫਲ ਹਰਿ ਜਨ ਪਾਵਹੁ ॥(767-17, ਸੂਹੀ, ਮਃ 3)

Almighty will bestow His Grace, if you meditate on Almighty; O humble servant of Almighty, you shall obtain the fruit of peace.

ਨਾਨਕੁ ਕਹੈ , ਸੁਣਹੁ ਜਨ ਭਾਈ ;
ਸੁਖ ਸੋਹਿਲੜਾ ਹਰਿ ਧਿਆਵਹੁ ॥੧॥ (767-18, ਸੂਹੀ, ਮਃ 3)

Says Nanak, listen O humble Sibling of Destiny: meditate on Almighty, and find peace and pleasure. ||1||

ਸੁਣਿ ਹਰਿ ਗੁਣ ਭੀਨੇ ; ਸਹਜਿ ਸੁਭਾਏ ॥ (767-19, ਸੂਹੀ, ਮਃ 3)

Hearing the Praises of Almighty's virtues, I am intuitively drenched with His Love.

ਗੁਰਮਤਿ ; ਸਹਜੇ ਨਾਮੁ ਧਿਆਏ ॥ (767-19, ਸੂਹੀ, ਮਃ 3)

Under Guru's Instruction, I meditate intuitively on Almighty's Name (Naam).

ਜਿਨ ਕਉ ਧੁਰਿ ਲਿਖਿਆ , ਤਿਨ ਗੁਰੁ ਮਿਲਿਆ ;
ਤਿਨ ਜਨਮ ਮਰਣ ਭਉ ਭਾਗਾ ॥ (767-19, ਸੂਹੀ, ਮਃ 3)

Those who have such pre-ordained destiny, meet the Guru, and their fears of birth and death leave them.

ਅੰਦਰਹੁ ਦੁਰਮਤਿ ਦੂਜੀ ਖੋਈ ; ਸੋ ਜਨੁ ਹਰਿ ਲਿਵ ਲਾਗਾ ॥ (768-1, ਸੂਹੀ, ਮਃ 3)

One who eliminates evil-mindedness and duality from within himself, that humble being lovingly focuses his mind on Almighty.

ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ;
ਤਿਨ ਅਨਦਿਨੁ ਹਰਿ ਗੁਣ ਗਾਏ ॥ (768-2, ਸੂਹੀ, ਮਃ 3)

Those, upon whom my Master bestows His Grace, sing the Praises of Almighty's virtues, night and day.

ਸੁਣਿ ਮਨ ਭੀਨੇ ; ਸਹਜਿ ਸੁਭਾਏ ॥੨॥ (768-2, ਸੂਹੀ, ਮਃ 3)
Hearing the Praises of Almighty's virtues, I am intuitively drenched with His Love. ||2||

ਜੁਗ ਮਹਿ ; ਰਾਮ ਨਾਮੁ ਨਿਸਤਾਰਾ ॥ (768-3, ਸੂਹੀ, ਮਃ 3)
In this age, emancipation comes only from the Almighty's Name.

ਗੁਰ ਤੇ ਉਪਜੈ ; ਸਬਦੁ ਵੀਚਾਰਾ ॥ (768-3, ਸੂਹੀ, ਮਃ 3)
Contemplative meditation on the Guru's Shabad (Gurbani) emanates from the Guru.

ਗੁਰ ਸਬਦੁ ਵੀਚਾਰਾ ;
ਰਾਮ ਨਾਮੁ ਪਿਆਰਾ , ਜਿਸੁ ਕਿਰਪਾ ਕਰੇ ਸੁ ਪਾਏ ॥ (768-3, ਸੂਹੀ, ਮਃ 3)
Contemplating the Guru's Shabad, one comes to love the Almighty's Name; he alone obtains it, unto whom Almighty shows Mercy.

ਸਹਜੇ ਗੁਣ ਗਾਵੈ ਦਿਨੁ ਰਾਤੀ ; ਕਿਲਵਿਖ ਸਭਿ ਗਵਾਏ ॥ (768-4, ਸੂਹੀ, ਮਃ 3)
In peace and poise, he sings Almighty's Praises day and night, and all sins are eradicated.

ਸਭੁ ਕੋ ਤੇਰਾ , ਤੂ ਸਭਨਾ ਕਾ ; ਹਉ ਤੇਰਾ ਤੂ ਹਮਾਰਾ ॥ (768-4, ਸੂਹੀ, ਮਃ 3)
All are Yours, and You belong to all. I am Yours, and You are mine.

ਜੁਗ ਮਹਿ ; ਰਾਮ ਨਾਮੁ ਨਿਸਤਾਰਾ ॥੩॥ (768-5, ਸੂਹੀ, ਮਃ 3)
In this age, emancipation comes only from the Almighty's Name. ||3||

ਸਾਜਨ ਆਇ ਵੁਠੇ ; ਘਰ ਮਾਹੀ ॥ (768-5, ਸੂਹੀ, ਮਃ 3)
Almighty, my Friend has come to dwell within the home of my heart;

ਹਰਿ ਗੁਣ ਗਾਵਹਿ ; ਤ੍ਰਿਪਤਿ ਅਘਾਹੀ ॥ (768-5, ਸੂਹੀ, ਮਃ 3)
singing the Praises of Almighty's virtues, one is satisfied and fulfilled.

ਹਰਿ ਗੁਣ ਗਾਇ , ਸਦਾ ਤ੍ਰਿਪਤਾਸੀ ; ਫਿਰਿ ਭੂਖ ਨ ਲਾਗੈ ਆਏ ॥ (768-6, ਸੂਹੀ, ਮਃ 3)
Singing the Praises of Almighty's virtues, one is satisfied forever, never to feel hunger again.

ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ; ਜੋ ਹਰਿ ਹਰਿ ਨਾਮੁ ਧਿਆਏ ॥ (768-6, ਸੂਹੀ, ਮਃ 3)
That humble servant of Almighty, who meditates on Almighty's Name (Naam), is worshipped in the ten directions.

ਨਾਨਕ , ਹਰਿ ਆਪੇ ਜੋੜਿ ਵਿਛੋੜੇ ; ਹਰਿ ਬਿਨੁ ਕੋ ਦੂਜਾ ਨਾਹੀ ॥ (768-7, ਸੂਹੀ, ਮਃ 3)

Guru Nanak says, He Himself joins and separates; there is no other than Almighty.

ਸਾਜਨ ਆਇ ਵੁਠੇ ; ਘਰ ਮਾਹੀ ॥੪॥੧॥ (768-8, ਸੂਹੀ, ਮਃ 3)

Almighty, my Friend has come to dwell within the home of my heart. ||4||1||

ੴ ; ਸਤਿਗੁਰ ਪ੍ਰਸਾਦਿ ॥ (768-9)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਰਾਗੁ ਸੂਹੀ , ਮਹਲਾ ੩ ; ਘਰੁ ੩ ॥ (768-9)

Raag Suhi, Third Mahala, Third House:

ਭਗਤ ਜਨਾ ਕੀ ਹਰਿ ਜੀਉ ਰਾਖੈ ;
ਜੁਗਿ ਜੁਗਿ ਰਖਦਾ ਆਇਆ ਰਾਮ ॥ (768-9, ਸੂਹੀ, ਮਃ 3)

The Dear Lord protects His humble devotees; throughout the ages, He has protected them.

ਸੋ ਭਗਤੁ ਜੋ ਗੁਰਮੁਖਿ ਹੋਵੈ ; ਹਉਮੈ ਸਬਦਿ ਜਲਾਇਆ ਰਾਮ ॥ (768-10, ਸੂਹੀ, ਮਃ 3)

Those devotees who become Gurmukh burn away their ego, through the Guru's Shabad (Gurbani).

ਹਉਮੈ ਸਬਦਿ ਜਲਾਇਆ , ਮੇਰੇ ਹਰਿ ਭਾਇਆ ;
ਜਿਸ ਦੀ ਸਾਚੀ ਬਾਣੀ ॥ (768-11, ਸੂਹੀ, ਮਃ 3)

Those who burn away their ego through the Shabad, become pleasing to my Lord; their speech becomes True.

ਸਚੀ ਭਗਤਿ ਕਰਹਿ ਦਿਨੁ ਰਾਤੀ ; ਗੁਰਮੁਖਿ ਆਖਿ ਵਖਾਣੀ ॥ (768-11, ਸੂਹੀ, ਮਃ 3)

They perform Almighty's true devotional service, day and night, as the Guru has instructed them.

ਭਗਤਾ ਕੀ ਚਾਲ ਸਚੀ ਅਤਿ ਨਿਰਮਲ ;
ਨਾਮੁ ਸਚਾ ਮਨਿ ਭਾਇਆ ॥ (768-12, ਸੂਹੀ, ਮਃ 3)

The devotees' lifestyle is true, and absolutely pure; the True Name is pleasing to their minds.

ਨਾਨਕ , ਭਗਤ ਸੋਹਹਿ ਦਰਿ ਸਾਚੈ ;
ਜਿਨੀ ਸਚੋ ਸਚੁ ਕਮਾਇਆ ॥੧॥ (768-13, ਸੂਹੀ, ਮਃ 3)

Guru Nanak says, those devotees, who practice Truth, and only Truth, look beauteous in the Court of Almighty. ||1||

ਹਰਿ , ਭਗਤਾ ਕੀ ਜਾਤਿ ਪਤਿ ਹੈ ;
ਭਗਤ , ਹਰਿ ਕੈ ਨਾਮਿ ਸਮਾਣੇ ਰਾਮ ॥ (768-13, ਸੂਹੀ, ਮਃ 3)

Almighty is the social class and honor of His devotees; Almighty's devotees merge in Almighty's Name (Naam).

ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ;
ਜਿਨ ਗੁਣ ਅਵਗਣ ਪਛਾਣੇ ਰਾਮ ॥ (768-14, ਸੂਹੀ, ਮਃ 3)

They worship Almighty in devotion, and eradicate self-conceit from within themselves; they understand merits and demerits.

ਗੁਣ ਅਉਗਣ ਪਛਾਣੈ , ਹਰਿ ਨਾਮੁ ਵਖਾਣੈ ;
ਭੈ ਭਗਤਿ ਮੀਠੀ ਲਾਗੀ ॥ (768-15, ਸੂਹੀ, ਮਃ 3)

They understand merits and demerits, and chant the Almighty's Name; devotional worship is sweet to them.

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ; ਘਰ ਹੀ ਮਹਿ ਬੈਰਾਗੀ ॥ (768-15, ਸੂਹੀ, ਮਃ 3)

Night and day, they perform devotional worship, day and night, and in the home of the self, they remain detached.

ਭਗਤੀ ਰਾਤੇ ਸਦਾ ਮਨੁ ਨਿਰਮਲੁ ; (ਰਾੱਤੇ ਬੋਲੋ)
ਹਰਿ ਜੀਉ ਵੇਖਹਿ ਸਦਾ ਨਾਲੇ ॥ (768-16, ਸੂਹੀ, ਮਃ 3)

Imbued with devotion, their minds remain forever immaculate and pure; they see their Dear Lord always with them.

ਨਾਨਕ , ਸੇ ਭਗਤ ਹਰਿ ਕੈ ਦਰਿ ਸਾਚੇ ;
ਅਨਦਿਨੁ ਨਾਮੁ ਸਮ੍ਹਾਲੇ ॥੨॥ (768-16, ਸੂਹੀ, ਮਃ 3)

Guru Nanak says, those devotees are True in the Almighty's Court; night and day, they dwell upon Almighty's Name (Naam). ||2||

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ; ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥ (768-17, ਸੂਹੀ, ਮਃ 3)

The self-willed manmukhs practice devotional rituals without the True Guru, but without the True Guru, there is no devotion.

ਹਉਮੈ ਮਾਇਆ ਰੋਗਿ ਵਿਆਪੇ ; ਮਰਿ ਜਨਮਹਿ ਦੁਖੁ ਹੋਈ ਰਾਮ ॥ (768-18, ਸੂਹੀ, ਮਃ 3)

They are afflicted with the diseases of egotism and Maya, and they suffer the pains of death and rebirth.

ਮਰਿ ਜਨਮਹਿ ਦੁਖੁ ਹੋਈ , ਦੂਜੈ ਭਾਇ ਪਰਜ ਵਿਗੋਈ ; ਵਿਣੁ ਗੁਰ ਤਤੁ ਨ ਜਾਨਿਆ ॥ (768-19, ਸੂਹੀ, ਮਃ 3)

The world suffers the pains of death and rebirth, and through the love of duality, it is ruined; without the Guru, the essence of reality is not known.

ਭਗਤਿ ਵਿਹੂਣਾ ਸਭੁ ਜਗੁ ਭਰਮਿਆ ; ਅੰਤਿ ਗਇਆ ਪਛੁਤਾਨਿਆ ॥ (768-19, ਸੂਹੀ, ਮਃ 3)

Without devotional worship, everyone in the world is deluded and confused, and in the end, they depart with regrets.

ਕੋਟਿ ਮਧੇ ਕਿਨੈ ਪਛਾਣਿਆ ; ਹਰਿ ਨਾਮਾ ਸਚੁ ਸੋਈ ॥ (769-1, ਸੂਹੀ, ਮਃ 3)

Among millions, there is scarcely one who realizes the Name of Almighty.

ਨਾਨਕ , ਨਾਮਿ ਮਿਲੈ ਵਡਿਆਈ ; ਦੂਜੈ ਭਾਇ ਪਤਿ ਖੋਈ ॥੩॥ (769-1, ਸੂਹੀ, ਮਃ 3)

Guru Nanak says, through Almighty's Name (Naam), greatness is obtained; in the love of duality, all honor is lost. ||3||

ਭਗਤਾ ਕੈ ਘਰਿ ਕਾਰਜੁ ਸਾਚਾ ; ਹਰਿ ਗੁਣ ਸਦਾ ਵਖਾਣੇ ਰਾਮ ॥ (769-2, ਸੂਹੀ, ਮਃ 3)

In the home of the devotees, is the joy of true marriage; they chant the Praises of Almighty's virtues forever.

ਭਗਤਿ ਖਜਾਨਾ ਆਪੇ ਦੀਆ ; ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥ (769-3, ਸੂਹੀ, ਮਃ 3)

He Himself blesses them with the treasure of devotion; conquering the thorny pain of death, they merge in Almighty.

ਕਾਲੁ ਕੰਟਕੁ ਮਾਰਿ ਸਮਾਣੇ , ਹਰਿ ਮਨਿ ਭਾਣੇ ;
ਨਾਮੁ ਨਿਧਾਨੁ ਸਚੁ ਪਾਇਆ ॥ (769-3, ਸੂਹੀ, ਮਃ 3)

Conquering the thorny pain of death, they merge in Almighty; they are pleasing to Almighty's Mind, and they obtain the true treasure of Almighty's Name (Naam).

ਸਦਾ ਅਖੁਟੁ ਕਦੇ ਨ ਨਿਖੁਟੈ ; (ਅ-ਖੁਟੁ ਬੋਲੋ)
ਹਰਿ ਦੀਆ ਸਹਜਿ ਸੁਭਾਇਆ ॥ (769-4, ਸੂਹੀ, ਮਃ 3)

This treasure is inexhaustible; it will never be exhausted. Almighty automatically blesses them with it.

ਹਰਿ ਜਨ ਊਚੇ , ਸਦ ਹੀ ਊਚੇ ; ਗੁਰ ਕੈ ਸਬਦਿ ਸੁਹਾਇਆ ॥ (769-4, ਸੂਹੀ, ਮਃ 3)

The humble servants of Almighty are exalted and elevated, forever on high; they are adorned with Guru's Shabad.

ਨਾਨਕ ਆਪੇ ਬਖਸਿ ਮਿਲਾਏ ;
ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥ (769-5, ਸੂਹੀ, ਮਃ 3)

Guru Nanak says, He Himself forgives them, and merges them with Himself; throughout the ages, they are glorified. ||4||1||2||

ਸੂਹੀ , ਮਹਲਾ ੩ ॥ (769-6)

Suhi, Third Mahala:

ਸਬਦਿ ਸਚੈ ਸਚੁ ਸੋਹਿਲਾ ; ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥ (769-6, ਸੂਹੀ, ਮਃ 3)

Through the True Guru's Shabad (Gurbani), true happiness prevails, there where Almighty is contemplated.

ਹਉਮੈ ਸਭਿ ਕਿਲਵਿਖ ਕਾਟੇ ; ਸਾਚੁ ਰਖਿਆ ਉਰਿ ਧਾਰੇ ਰਾਮ ॥ (769-6, ਸੂਹੀ, ਮਃ 3)

Egotism and all sins are eradicated, when one keeps Almighty enshrined in the heart.

ਸਚੁ ਰਖਿਆ ਉਰ ਧਾਰੇ , ਦੁਤਰੁ ਤਾਰੇ ;
ਫਿਰਿ ਭਵਜਲੁ ਤਰਣੁ ਨ ਹੋਈ ॥ (769-7, ਸੂਹੀ, ਮਃ 3)

One who keeps Almighty enshrined in the heart, crosses over the terrible and dreadful world-ocean; he shall not have to cross over it again.

ਸਚਾ ਸਤਿਗੁਰੁ ਸਚੀ ਬਾਣੀ ; ਜਿਨਿ ਸਚੁ ਵਿਖਾਲਿਆ ਸੋਈ ॥ (769-8, ਸੂਹੀ, ਮਃ 3)

True is the True Guru, and True is Gurbani (Guru's Hymn); through it, Almighty is seen.

ਸਾਚੇ ਗੁਣ ਗਾਵੈ , ਸਚਿ ਸਮਾਵੈ ; ਸਚੁ ਵੇਖੈ ਸਭੁ ਸੋਈ ॥ (769-8, ਸੂਹੀ, ਮਃ 3)

One who sings the Praises of Almighty's virtues merges in Truth; he beholds Almighty everywhere.

ਨਾਨਕ , ਸਾਚਾ ਸਾਹਿਬੁ , ਸਾਚੀ ਨਾਈ ; ਸਚੁ ਨਿਸਤਾਰਾ ਹੋਈ ॥੧॥ (769-9, ਸੂਹੀ, ਮਃ 3)

Guru Nanak says, True is Almighty and Master, and True is His Name; through Truth, comes emancipation. ||1||

ਸਾਚੈ ਸਤਿਗੁਰਿ ਸਾਚੁ ਬੁਝਾਇਆ ; ਪਤਿ ਰਾਖੈ ਸਚੁ ਸੋਈ ਰਾਮ ॥ (769-9, ਸੂਹੀ, ਮਃ 3)

The True Guru reveals Almighty; Almighty preserves our honor.

ਸਚਾ ਭੋਜਨੁ , ਭਾਉ ਸਚਾ ਹੈ ; ਸਚੈ ਨਾਮਿ ਸੁਖੁ ਹੋਈ ਰਾਮ ॥ (769-10, ਸੂਹੀ, ਮਃ 3)

The true food is love for Almighty; through the True Name, peace is obtained.

ਸਾਚੈ ਨਾਮਿ ਸੁਖੁ ਹੋਈ , ਮਰੈ ਨ ਕੋਈ ; ਗਰਭਿ ਨ ਜੂਨੀ ਵਾਸਾ ॥ (769-10, ਸੂਹੀ, ਮਃ 3)

Through the True Name, the mortal finds peace; he shall never die, and never again enter the womb of reincarnation.

ਜੋਤੀ ਜੋਤਿ ਮਿਲਾਈ , ਸਚਿ ਸਮਾਈ ; ਸਚਿ ਨਾਇ ਪਰਗਾਸਾ ॥ (769-11, ਸੂਹੀ, ਮਃ 3)

His light blends with the Light, and he merges into Almighty; he is illuminated and enlightened with the True Name.

ਜਿਨੀ ਸਚੁ ਜਾਤਾ , ਸੇ ਸਚੇ ਹੋਏ ; ਅਨਦਿਨੁ ਸਚੁ ਧਿਆਇਨਿ ॥ (769-11, ਸੂਹੀ, ਮਃ 3)

Those who know the Truth are True; night and day, they meditate on Truth.

ਨਾਨਕ , ਸਚੁ ਨਾਮੁ ਜਿਨ ਹਿਰਦੈ ਵਸਿਆ ;
ਨਾ ਵੀਛੁੜਿ ਦੁਖੁ ਪਾਇਨਿ ॥੨॥ (769-12, ਸੂਹੀ, ਮਃ 3)

Guru Nanak says, those whose hearts are filled with the True Name, never suffer the pains of separation. ||2||

ਸਚੀ ਬਾਣੀ ਸਚੇ ਗੁਣ ਗਾਵਹਿ ; ਤਿਤੁ ਘਰਿ ਸੋਹਿਲਾ ਹੋਈ ਰਾਮ ॥ (769-13, ਸੂਹੀ, ਮਃ 3)

In that home, and in that heart, where the True Bani of Almighty's True Praises are sung, the songs of joy resound.

ਨਿਰਮਲ ਗੁਣ ਸਾਚੇ , ਤਨੁ ਮਨੁ ਸਾਚਾ ;
ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ (769-13, ਸੂਹੀ, ਮਃ 3)

Through the immaculate virtues of Almighty, the body and mind are rendered True, and God, the True Primal Being, dwells within.

ਸਭੁ ਸਚੁ ਵਰਤੈ , ਸਚੋ ਬੋਲੈ ; ਜੋ ਸਚੁ ਕਰੈ ਸੁ ਹੋਈ ॥ (769-14, ਸੂਹੀ, ਮਃ 3)

Such a person practices only Truth, and speaks only Truth; whatever Almighty does, that alone comes to pass.

ਜਹ ਦੇਖਾ ਤਹ ਸਚੁ ਪਸਰਿਆ ; ਅਵਰੁ ਨ ਦੂਜਾ ਕੋਈ ॥ (769-14, ਸੂਹੀ, ਮਃ 3)

Wherever I look, there I see Almighty pervading; there is no other at all.

ਸਚੇ ਉਪਜੈ , ਸਚਿ ਸਮਾਵੈ ; ਮਰਿ ਜਨਮੈ ਦੂਜਾ ਹੋਈ ॥ (769-15, ਸੂਹੀ, ਮਃ 3)

From Almighty, we emanate, and into Almighty, we shall merge; death and birth come from duality.

ਨਾਨਕ , ਸਭੁ ਕਿਛੁ ਆਪੇ ਕਰਤਾ ; ਆਪਿ ਕਰਾਵੈ ਸੋਈ ॥੩॥ (769-15, ਸੂਹੀ, ਮਃ 3)

Guru Nanak says, He Himself does everything; He Himself is the Cause. ||3||

ਸਚੇ ਭਗਤ ਸੋਹਹਿ ਦਰਵਾਰੇ ; ਸਚੋ ਸਚੁ ਵਖਾਣੇ ਰਾਮ ॥ (769-16, ਸੂਹੀ, ਮਃ 3)

The true devotees look beautiful in the Darbaar of Almighty's Court. They speak Truth, and only Truth.

ਘਟ ਅੰਤਰੇ ਸਾਚੀ ਬਾਣੀ ; ਸਾਚੋ ਆਪਿ ਪਛਾਣੇ ਰਾਮ ॥ (769-16, ਸੂਹੀ, ਮਃ 3)

Deep within the nucleus of their heart, is the True Word of Almighty's Bani. Through the Truth, they understand themselves.

ਆਪੁ ਪਛਾਣਹਿ , ਤਾ ਸਚੁ ਜਾਣਹਿ ; ਸਾਚੇ ਸੋਝੀ ਹੋਈ ॥ (769-17, ਸੂਹੀ, ਮਃ 3)

They understand themselves, and so know Almighty, through their true intuition.

ਸਚਾ ਸਬਦੁ ਸਚੀ ਹੈ ਸੋਭਾ ; ਸਾਚੇ ਹੀ ਸੁਖੁ ਹੋਈ ॥ (769-17, ਸੂਹੀ, ਮਃ 3)

True is the Shabad, and True is its Glory; peace comes only from Truth.

ਸਾਚਿ ਰਤੇ ਭਗਤ ਇਕ ਰੰਗੀ ; **(ਰੱਤੇ ਬੋਲੋ)**
ਦੂਜਾ ਰੰਗੁ ਨ ਕੋਈ ॥ (769-18, ਸੂਹੀ, ਮਃ 3)

Imbued with Truth, the devotees love the One (Almighty); they do not love any other.

ਨਾਨਕ , ਜਿਸ ਕਉ ਮਸਤਕਿ ਲਿਖਿਆ ;
ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥ (769-18, ਸੂਹੀ, ਮਃ 3)

Guru Nanak says, he alone obtains Almighty, who has such pre-ordained destiny written upon his forehead. ||4||2||3||

ਸੂਹੀ , ਮਹਲਾ ੩ ॥ (769-19)

Suhi, Third Mahala:

ਜੁਗ ਚਾਰੇ ਧਨ ਜੇ ਭਵੈ ; ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ (769-19, ਸੂਹੀ, ਮਃ 3)

The soul-bride may wander throughout the four ages, but still, without the True Guru, she will not find her True Husband Lord.

ਨਿਹਚਲੁ ਰਾਜੁ ਸਦਾ ਹਰਿ ਕੇਰਾ ; ਤਿਸੁ ਬਿਨੁ ਅਵਰੁ ਨ ਕੋਈ ਰਾਮ ॥(770-1, ਸੂਹੀ, ਮਃ 3)

The Kingdom of Almighty is permanent, and forever unchanging; there is no other than Him.

ਤਿਸੁ ਬਿਨੁ ਅਵਰੁ ਨ ਕੋਈ , ਸਦਾ ਸਚੁ ਸੋਈ ;
ਗੁਰਮੁਖਿ ਏਕੋ ਜਾਣਿਆ ॥ (770-1, ਸੂਹੀ, ਮਃ 3)

There is no other than Him - He is True forever; the Gurmukh knows the One (Almighty).

ਧਨ ਪਿਰ ਮੇਲਾਵਾ ਹੋਆ ; ਗੁਰਮਤੀ ਮਨੁ ਮਾਨਿਆ ॥ (770-2, ਸੂਹੀ, ਮਃ 3)

That soul-bride, whose mind accepts the Guru's Teachings, meets her Husband Lord.

ਸਤਿਗੁਰੁ ਮਿਲਿਆ , ਤਾ ਹਰਿ ਪਾਇਆ ;
ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ (770-2, ਸੂਹੀ, ਮਃ 3)

Meeting the True Guru, she finds Almighty; without the Almighty's Name, there is no liberation.

ਨਾਨਕ , ਕਾਮਣਿ ਕੰਤੈ ਰਾਵੇ ; ਮਨਿ ਮਾਨਿਐ ਸੁਖੁ ਹੋਈ ॥੧॥ (770-3, ਸੂਹੀ, ਮਃ 3)

Guru Nanak says, the soul-bride ravishes and enjoys her Husband Lord; her mind accepts Him, and she finds peace. ||1||

ਸਤਿਗੁਰੁ ਸੇਵਿ ਧਨ ਬਾਲੜੀਏ ; ਹਰਿ ਵਰੁ ਪਾਵਹਿ ਸੋਈ ਰਾਮ ॥ (770-4, ਸੂਹੀ, ਮਃ 3)

Serve the True Guru, O young and innocent bride; thus you shall obtain Almighty as your Husband.

ਸਦਾ ਹੋਵਹਿ ਸੋਹਾਗਣੀ ; ਫਿਰਿ ਮੈਲਾ ਵੇਸੁ ਨ ਹੋਈ ਰਾਮ ॥ (770-4, ਸੂਹੀ, ਮਃ 3)

You shall be the virtuous and happy bride of Almighty forever; and you shall never again wear soiled clothes.

ਫਿਰਿ ਮੈਲਾ ਵੇਸੁ ਨ ਹੋਈ , ਗੁਰਮੁਖਿ ਬੂਝੈ ਕੋਈ ;
ਹਉਮੈ ਮਾਰਿ ਪਛਾਣਿਆ ॥ (770-5, ਸੂਹੀ, ਮਃ 3)

Your clothes shall never again be soiled; how rare are those few, who, as Gurmukh, recognize this, and conquer their ego.

ਕਰਣੀ ਕਾਰ ਕਮਾਵੈ , ਸਬਦਿ ਸਮਾਵੈ ; ਅੰਤਰਿ ਏਕੋ ਜਾਣਿਆ ॥ (770-5, ਸੂਹੀ, ਮਃ 3)

So make your practice the practice of good deeds; merge into the Guru's Shabad (Gurbani), and deep within, come to know the One (Almighty).

ਗੁਰਮੁਖਿ , ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ; ਸਾਚੀ ਸੋਭਾ ਹੋਈ ॥ (770-6, ਸੂਹੀ, ਮਃ 3)

The Gurmukh enjoys God, day and night, and so obtains true glory.

ਨਾਨਕ , ਕਾਮਣਿ ਪਿਰੁ ਰਾਵੇ ਆਪਣਾ ;
ਰਵਿ ਰਹਿਆ ਪ੍ਰਭੁ ਸੋਈ ॥੨॥ (770-6, ਸੂਹੀ, ਮਃ 3)

Guru Nanak says, the soul-bride enjoys and ravishes her Beloved; God is pervading and permeating everywhere. ||2||

ਗੁਰ ਕੀ ਕਾਰ ਕਰੇ ਧਨ ਬਾਲੜੀਏ ; ਹਰਿ ਵਰੁ ਦੇਇ ਮਿਲਾਏ ਰਾਮ ॥ (770-7, ਸੂਹੀ, ਮਃ 3)

Serve the Guru, O young and innocent soul-bride, and he will lead to you meet your Husband Lord.

ਹਰਿ ਕੈ ਰੰਗਿ ਰਤੀ ਹੈ ਕਾਮਣਿ ; ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ (770-8, ਸੂਹੀ, ਮਃ 3)

The bride is imbued with the Love of her Lord; meeting with her Beloved, she finds peace.

ਮਿਲਿ ਪ੍ਰੀਤਮ ਸੁਖੁ ਪਾਏ , ਸਚਿ ਸਮਾਏ ; ਸਚੁ ਵਰਤੈ ਸਭ ਥਾਈ ॥(770-8, ਸੂਹੀ, ਮਃ 3)

Meeting her Beloved, she finds peace, and merges in Almighty; Almighty is pervading everywhere.

ਸਚਾ ਸੀਗਾਰੁ ਕਰੇ ਦਿਨੁ ਰਾਤੀ ; ਕਾਮਣਿ ਸਚਿ ਸਮਾਈ ॥ (770-9, ਸੂਹੀ, ਮਃ 3)

The bride makes Truth her decorations, day and night, and remains absorbed in Almighty.

ਹਰਿ ਸੁਖਦਾਤਾ , ਸਬਦਿ ਪਛਾਤਾ ; ਕਾਮਣਿ ਲਇਆ ਕੰਠਿ ਲਾਏ ॥ (770-9, ਸੂਹੀ, ਮਃ 3)
Almighty, the Giver of peace, is realized through His Shabad; He hugs His bride close in His embrace.

ਨਾਨਕ , ਮਹਲੀ ਮਹਲੁ ਪਛਾਣੈ ; ਗੁਰਮਤੀ ਹਰਿ ਪਾਏ ॥੩॥ (770-10, ਸੂਹੀ, ਮਃ 3)
Guru Nanak says, the bride obtains the Mansion of His Presence; through the Guru's Teachings, she finds her Lord. ||3||

ਸਾ ਧਨ ਬਾਲੀ , ਧੁਰਿ ਮੇਲੀ ; ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ (770-10, ਸੂਹੀ, ਮਃ 3)
The Primal Lord, my God, has united His young and innocent bride with Himself.

ਗੁਰਮਤੀ ਘਟਿ ਚਾਨਣੁ ਹੋਆ ; ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ (770-11, ਸੂਹੀ, ਮਃ 3)
Through the Guru's Teachings, her heart is illumined and enlightened; God is permeating and pervading everywhere.

ਪ੍ਰਭੁ ਰਵਿ ਰਹਿਆ ਸਭ ਥਾਈ , ਮੰਨਿ ਵਸਾਈ ;
ਪੂਰਬਿ ਲਿਖਿਆ ਪਾਇਆ ॥ (770-12, ਸੂਹੀ, ਮਃ 3)
God is permeating and pervading everywhere; He dwells in her mind, and she realizes her pre-ordained destiny.

ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ; ਸਚੁ ਸੀਗਾਰੁ ਬਣਾਇਆ ॥ (770-12, ਸੂਹੀ, ਮਃ 3)
On his cozy bed, she is pleasing to my God; she fashions her decorations of Truth.

ਕਾਮਣਿ ਨਿਰਮਲ ਹਉਮੈ ਮਲੁ ਖੋਈ ; ਗੁਰਮਤਿ ਸਚਿ ਸਮਾਈ ॥ (770-13, ਸੂਹੀ, ਮਃ 3)
The bride is immaculate and pure; she washes away the filth of egotism, and through the Guru's Teachings, she merges in Almighty.

ਨਾਨਕ , ਆਪਿ ਮਿਲਾਈ ਕਰਤੈ ;
ਨਾਮੁ ਨਵੈ ਨਿਧਿ ਪਾਈ ॥੪॥੩॥੪॥ (770-13, ਸੂਹੀ, ਮਃ 3)
Guru Nanak says, the Creator Lord blends her into Himself, and she obtains the nine treasure of Almighty’s Name (Naam). ||4||3||4||

ਸੂਹੀ , ਮਹਲਾ ੩ ॥ (770-14)
Suhi, Third Mahala:

ਹਰਿ ਹਰੇ , ਹਰਿ ਗੁਣ ਗਾਵਹੁ ; ਹਰਿ ਗੁਰਮੁਖੇ ਪਾਏ ਰਾਮ ॥ (770-14, ਸੂਹੀ, ਮਃ 3)

Sing the Praises of Almighty's virtues the Gurmukh obtains Almighty.

ਅਨਦਿਨੋ ਸਬਦਿ ਰਵਹੁ ; (ਅਨ-ਦਿਨੋ ਬੋਲੋ)
ਅਨਹਦ ਸਬਦ ਵਜਾਏ ਰਾਮ ॥ (770-15, ਸੂਹੀ, ਮਃ 3)

Night and day, chant the Guru's Shabad (Gurbani); night and day, the Shabad shall vibrate and resound.

ਅਨਹਦ ਸਬਦ ਵਜਾਏ ਹਰਿ ਜੀਉ ;
ਘਰਿ ਆਏ ਹਰਿ ਗੁਣ ਗਾਵਹੁ ਨਾਰੀ ॥ (770-15, ਸੂਹੀ, ਮਃ 3)

The unstruck melody of the Shabad vibrates, and the Dear Almighty comes into the home of my heart; O ladies, sing the Praises of Almighty's virtues.

ਅਨਦਿਨੁ ਭਗਤਿ ਕਰਹਿ ਗੁਰ ਆਗੈ ; (ਅਨ-ਦਿਨੁ ਬੋਲੋ)
ਸਾ ਧਨ ਕੰਤ ਪਿਆਰੀ ॥ (770-16, ਸੂਹੀ, ਮਃ 3)

That soul-bride, who performs devotional worship service to the Guru night and day, becomes the Beloved bride of her Lord.

ਗੁਰ ਕਾ ਸਬਦੁ ਵਸਿਆ ਘਟ ਅੰਤਰਿ ; ਸੇ ਜਨ ਸਬਦਿ ਸੁਹਾਏ ॥ (770-16, ਸੂਹੀ, ਮਃ 3)

Those humble beings, whose hearts are filled with Guru's Shabad, are adorned with the Shabad.

ਨਾਨਕ , ਤਿਨ ਘਰਿ ਸਦ ਹੀ ਸੋਹਿਲਾ ;
ਹਰਿ ਕਰਿ ਕਿਰਪਾ ਘਰਿ ਆਏ ॥੧॥ (770-17, ਸੂਹੀ, ਮਃ 3)

Guru Nanak says, their hearts are forever filled with happiness; Almighty, in His Mercy, enters into their hearts. ||1||

ਭਗਤਾ ਮਨਿ ਆਨੰਦੁ ਭਇਆ ; ਹਰਿ ਨਾਮਿ ਰਹੇ ਲਿਵ ਲਾਏ ਰਾਮ ॥ (770-17, ਸੂਹੀ, ਮਃ 3)

The minds of the devotees are filled with bliss; they remain lovingly absorbed in the Almighty's Name.

ਗੁਰਮੁਖੇ ਮਨੁ ਨਿਰਮਲੁ ਹੋਆ ; (ਨਿਰ-ਮਲੁ ਬੋਲੋ)
ਨਿਰਮਲ ਹਰਿ ਗੁਣ ਗਾਏ ਰਾਮ ॥ (770-18, ਸੂਹੀ, ਮਃ 3)

The mind of the Gurmukh is immaculate and pure; she sings the Immaculate Praises of Almighty.

ਨਿਰਮਲ ਗੁਣ ਗਾਏ , ਨਾਮੁ ਮੰਨਿ ਵਸਾਏ ; **(ਨਿਰ-ਮਲ ਬੋਲੋ)**
ਹਰਿ ਕੀ ਅੰਮ੍ਰਿਤ ਬਾਣੀ ॥ (770-19, ਸੂਹੀ, ਮਃ 3)

Singing His Immaculate Praises, she enshrines in her mind Almighty's Name (Naam), and the Ambrosial Word of His Bani.

ਜਿਨ੍ ਮਨਿ ਵਸਿਆ , ਸੇਈ ਜਨ ਨਿਸਤਰੇ ;
ਘਟਿ ਘਟਿ ਸਬਦਿ ਸਮਾਣੀ ॥ (770-19, ਸੂਹੀ, ਮਃ 3)

Those humble beings, within whose minds it abides, are emancipated; the Shabad permeates each and every heart.

ਤੇਰੇ ਗੁਣ ਗਾਵਹਿ , ਸਹਜਿ ਸਮਾਵਹਿ ; ਸਬਦੇ ਮੇਲਿ ਮਿਲਾਏ ॥ (771-1, ਸੂਹੀ, ਮਃ 3)

Singing Your Glorious Praises, they merge naturally into You, Dear Almighty; through the Shabad, they are united in Union with You.

ਨਾਨਕ , ਸਫਲ ਜਨਮੁ ਤਿਨ ਕੇਰਾ ;
ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥ (771-1, ਸੂਹੀ, ਮਃ 3)

Guru Nanak says, their lives are fruitful; the True Guru places them on Almighty's Path. ||2||

ਸੰਤਸੰਗਤਿ ਸਿਉ ਮੇਲੁ ਭਇਆ ; ਹਰਿ ਹਰਿ ਨਾਮਿ ਸਮਾਏ ਰਾਮ ॥ (771-2, ਸੂਹੀ, ਮਃ 3)

Those who join the Society of the Saints are absorbed in Almighty's Name (Naam).

ਗੁਰ ਕੈ ਸਬਦਿ , ਸਦ ਜੀਵਨ ਮੁਕਤ ਭਏ ;
ਹਰਿ ਕੈ ਨਾਮਿ ਲਿਵ ਲਾਏ ਰਾਮ ॥ (771-3, ਸੂਹੀ, ਮਃ 3)

Through Guru's Shabad, they are forever 'jivan mukta' - liberated while yet alive; they are lovingly absorbed in Almighty's Name (Naam).

ਹਰਿ ਨਾਮਿ ਚਿਤੁ ਲਾਏ , ਗੁਰਿ ਮੇਲਿ ਮਿਲਾਏ ;
ਮਨੂਆ ਰਤਾ ਹਰਿ ਨਾਲੇ ॥ **(ਰੱਤਾ ਬੋਲੋ)** (771-3, ਸੂਹੀ, ਮਃ 3)

They center their consciousness on the Almighty's Name; through the Guru, they are united in His Union. Their minds are imbued with Almighty's Love.

ਸੁਖਦਾਤਾ ਪਾਇਆ ਮੋਹੁ ਚੁਕਾਇਆ ; **(ਸੁਖ-ਦਾਤਾ ਬੋਲੋ)**
ਅਨਦਿਨੁ ਨਾਮੁ ਸਮ੍ਾਲੇ ॥ (771-4, ਸੂਹੀ, ਮਃ 3)

They find Almighty, the Giver of peace, and they eradicate attachments; night and day, they contemplate Almighty's Name (Naam).

ਗੁਰ ਸਬਦੇ ਰਾਤਾ , ਸਹਜੇ ਮਾਤਾ ; (ਰਾੱਤਾ, ਮਾੱਤਾ ਬੋਲੋ)
ਨਾਮੁ ਮਨਿ ਵਸਾਏ ॥ (771-5, ਸੂਹੀ, ਮਃ 3)

They are imbued with the Guru's Shabad, and intoxicated with celestial peace; Almighty's Name (Naam) abides in their minds.

ਨਾਨਕ , ਤਿਨ ਘਰਿ ਸਦ ਹੀ ਸੋਹਿਲਾ ;
ਜਿ ਸਤਿਗੁਰ ਸੇਵਿ ਸਮਾਏ ॥੩॥ (771-5, ਸੂਹੀ, ਮਃ 3)

Guru Nanak says, the homes of their hearts are filled with happiness, forever and always; they are absorbed in serving the True Guru. ||3||

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ;
ਹਰਿ ਕਾ ਮਹਲੁ ਨ ਪਾਇਆ ਰਾਮ ॥ (771-6, ਸੂਹੀ, ਮਃ 3)

Without the True Guru, the world is deluded by illusion; it does not obtain the Mansion of Almighty's Presence.

ਗੁਰਮੁਖੇ ਇਕਿ ਮੇਲਿ ਮਿਲਾਇਆ ; ਤਿਨ ਕੇ ਦੂਖ ਗਵਾਇਆ ਰਾਮ ॥ (771-6, ਸੂਹੀ, ਮਃ 3)

As Gurmukh, some are united in Almighty's Union, and their pains are dispelled.

ਤਿਨ ਕੇ ਦੂਖ ਗਵਾਇਆ , ਜਾ ਹਰਿ ਮਨਿ ਭਾਇਆ ;
ਸਦਾ ਗਾਵਹਿ ਰੰਗਿ ਰਾਤੇ ॥ (ਰਾੱਤੇ ਬੋਲੋ) (771-7, ਸੂਹੀ, ਮਃ 3)

Their pains are dispelled, when it is pleasing to Almighty's Mind; imbued with His Love, they sing His Praises forever.

ਹਰਿ ਕੇ ਭਗਤ ਸਦਾ ਜਨ ਨਿਰਮਲ ; ਜੁਗਿ ਜੁਗਿ ਸਦ ਹੀ ਜਾਤੇ ॥ (771-8, ਸੂਹੀ, ਮਃ 3)

Almighty's devotees are pure and humble forever; throughout the ages, they are forever respected.

ਸਾਚੀ ਭਗਤਿ ਕਰਹਿ ਦਰਿ ਜਾਪਹਿ ; ਘਰਿ ਦਰਿ ਸਚਾ ਸੋਈ ॥ (771-8, ਸੂਹੀ, ਮਃ 3)

They perform true devotional worship service, and are honored in Almighty's Court; Almighty is their hearth and home.

ਨਾਨਕ , ਸਚਾ ਸੋਹਿਲਾ , ਸਚੀ ਸਚੁ ਬਾਣੀ ;
ਸਬਦੇ ਹੀ ਸੁਖੁ ਹੋਈ ॥੪॥੪॥੫॥ (771-9, ਸੂਹੀ, ਮਃ 3)

Guru Nanak says, true is their songs of joy, and true is their word; through the Guru's Shabad (Gurbani), they find peace. ||4||4||5||

ਸੂਹੀ , ਮਹਲਾ ੩ ॥ (771-10)
Salok, Third Mahala:

ਜੇ ਲੋੜਹਿ ਵਰੁ ਬਾਲੜੀਏ ; ਤਾ ਗੁਰ ਚਰਣੀ ਚਿਤੁ ਲਾਏ ਰਾਮ ॥ (771-10, ਸੂਹੀ, ਮਃ 3)
If you long for your Husband Lord, O young and innocent bride, then focus your consciousness on the Guru's feet.

ਸਦਾ ਹੋਵਹਿ ਸੋਹਾਗਣੀ ; ਹਰਿ ਜੀਉ , ਮਰੈ ਨ ਜਾਏ ਰਾਮ ॥ (771-10, ਸੂਹੀ, ਮਃ 3)
You shall be a happy soul bride of your Dear Lord forever; He does not die or leave.

ਹਰਿ ਜੀਉ , ਮਰੈ ਨ ਜਾਏ , ਗੁਰ ਕੈ ਸਹਜਿ ਸੁਭਾਏ ;
ਸਾ ਧਨ ਕੰਤ ਪਿਆਰੀ ॥ (771-11, ਸੂਹੀ, ਮਃ 3)
The Dear Lord does not die, and He does not leave; through the peaceful poise of the Guru, the soul bride becomes the lover of her Husband Lord.

ਸਚਿ ਸੰਜਮਿ ਸਦਾ ਹੈ ਨਿਰਮਲ ; ਗੁਰ ਕੈ ਸਬਦਿ ਸੀਗਾਰੀ ॥ (771-11, ਸੂਹੀ, ਮਃ 3)
Through truth and self-control, she is forever immaculate and pure; she is embellished with Guru's Shabad.

ਮੇਰਾ ਪ੍ਰਭੁ ਸਾਚਾ , ਸਦ ਹੀ ਸਾਚਾ ; ਜਿਨਿ ਆਪੇ ਆਪੁ ਉਪਾਇਆ ॥ (771-12, ਸੂਹੀ, ਮਃ 3)
My God is True, forever and ever; He Himself created Himself.

ਨਾਨਕ , ਸਦਾ ਪਿਰੁ ਰਾਵੇ ਆਪਣਾ ;
ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ (771-13, ਸੂਹੀ, ਮਃ 3)
Guru Nanak says, she who focuses her consciousness on the Guru's feet, enjoys her Husband Lord. ||1||

ਪਿਰੁ ਪਾਇਅੜਾ ਬਾਲੜੀਏ ;
ਅਨਦਿਨੁ ਸਹਜੇ ਮਾਤੀ ਰਾਮ ॥ (ਅਨ-ਦਿਨੁ, ਮੱਤੀ ਬੋਲੋ) (771-13, ਸੂਹੀ, ਮਃ 3)
When the young, innocent bride finds her Husband Lord, she is automatically intoxicated with Him, night and day.

ਗੁਰਮਤੀ ਮਨਿ ਅਨਦੁ ਭਇਆ ;
ਤਿਤੁ ਤਨਿ ਮੈਲੁ ਨ ਰਾਤੀ ਰਾਮ ॥ (ਰਾੱਤੀ ਬੋਲੋ) (771-14, ਸੂਹੀ, ਮਃ 3)

Through Guru's Teachings, her mind becomes blissful, and her body is not tinged with filth at all.

ਤਿਤੁ ਤਨਿ ਮੈਲੁ ਨ ਰਾਤੀ , ਹਰਿ ਪ੍ਰਭਿ ਰਾਤੀ ; (ਰਾੱਤੀ ਬੋਲੋ)
ਮੇਰਾ ਪ੍ਰਭੁ ਮੇਲਿ ਮਿਲਾਏ ॥ (771-14, ਸੂਹੀ, ਮਃ 3)

Her body is not tinged with filth at all, and she is imbued with her Almighty; my God unites her in Union.

ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ; ਵਿਚਹੁ ਆਪੁ ਗਵਾਏ ॥ (771-15, ਸੂਹੀ, ਮਃ 3)

Night and day, she enjoys her Almighty; her egotism is banished from within.

ਗੁਰਮਤਿ ਪਾਇਆ ਸਹਜਿ ਮਿਲਾਇਆ ;
ਅਪਣੇ ਪ੍ਰੀਤਮ ਰਾਤੀ ॥ (ਰਾੱਤੀ ਬੋਲੋ) (771-15, ਸੂਹੀ, ਮਃ 3)

Through the Guru's Teachings, she easily finds and meets Him. She is imbued with her Beloved.

ਨਾਨਕ , ਨਾਮੁ ਮਿਲੈ ਵਡਿਆਈ ;
ਪ੍ਰਭੁ ਰਾਵੇ ਰੰਗਿ ਰਾਤੀ ॥੨॥ (ਰਾੱਤੀ ਬੋਲੋ) (771-16, ਸੂਹੀ, ਮਃ 3)

Guru Nanak says, through Almighty's Name (Naam), she obtains glorious greatness. She ravishes and enjoys her God; she is imbued with His Love. ||2||

ਪਿਰੁ ਰਾਵੇ ਰੰਗਿ ਰਾਤੜੀਏ ; ਪਿਰ ਕਾ ਮਹਲੁ ਤਿਨ ਪਾਇਆ ਰਾਮ ॥ (771-17, ਸੂਹੀ, ਮਃ 3)

Ravishing her Husband Lord, she is imbued with His Love; she obtains the Mansion of His Presence.

ਸੋ ਸਹੋ ਅਤਿ ਨਿਰਮਲੁ ਦਾਤਾ ; (ਨਿਰ-ਮਲੁ ਬੋਲੋ)
ਜਿਨਿ ਵਿਚਹੁ ਆਪੁ ਗਵਾਇਆ ਰਾਮ ॥ (771-17, ਸੂਹੀ, ਮਃ 3)

She is utterly immaculate and pure; the Great Giver banishes self-conceit from within her.

ਵਿਚਹੁ ਮੋਹੁ ਚੁਕਾਇਆ , ਜਾ ਹਰਿ ਭਾਇਆ ;
ਹਰਿ ਕਾਮਣਿ ਮਨਿ ਭਾਣੀ ॥ (771-18, ਸੂਹੀ, ਮਃ 3)

Almighty drives out attachment from within her, when it pleases Him. The soul bride becomes pleasing to Almighty's Mind.

ਅਨਦਿਨੁ ਗੁਣ ਗਾਵੈ ਨਿਤ ਸਾਚੇ ; ਕਥੇ ਅਕਥ ਕਹਾਣੀ ॥ (ਅਕੱਥ ਬੋਲੋ) (771-19, ਸੂਹੀ, ਮਃ 3)
Night and day, she continually sings the Praises of Almighty's virtues; she speaks the Unspoken Speech.

ਜੁਗ ਚਾਰੇ ਸਾਚਾ ਏਕੋ ਵਰਤੈ ; ਬਿਨੁ ਗੁਰ ਕਿਨੈ ਨ ਪਾਇਆ ॥ (771-19, ਸੂਹੀ, ਮਃ 3)
Throughout the four ages, the One True Lord is permeating and pervading; without the Guru, no one finds Him.

ਨਾਨਕ , ਰੰਗਿ ਰਵੈ ਰੰਗਿ ਰਾਤੀ ; (ਰੱਤੀ ਬੋਲੋ)
ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥ (772-1, ਸੂਹੀ, ਮਃ 3)
Guru Nanak says, she revels in joy, imbued with His Love; she focuses her consciousness on Almighty. ||3||

ਕਾਮਣਿ ਮਨਿ ਸੋਹਿਲੜਾ ; (ਸੋਹਿਲ-ੜਾ ਬੋਲੋ)
ਸਾਜਨ ਮਿਲੇ ਪਿਆਰੇ ਰਾਮ ॥ (772-1, ਸੂਹੀ, ਮਃ 3)
The mind of the soul bride is very happy, when she meets her Friend, her Beloved Lord.

ਗੁਰਮਤੀ ਮਨੁ ਨਿਰਮਲੁ ਹੋਆ ; ਹਰਿ ਰਾਖਿਆ ਉਰਿ ਧਾਰੇ ਰਾਮ ॥ (772-2, ਸੂਹੀ, ਮਃ 3)
Through the Guru's Teachings, her mind becomes immaculate; she enshrines Almighty within her heart.

ਹਰਿ ਰਾਖਿਆ ਉਰਿ ਧਾਰੇ , ਅਪਨਾ ਕਾਰਜੁ ਸਵਾਰੇ ;
ਗੁਰਮਤੀ ਹਰਿ ਜਾਤਾ ॥ (772-2, ਸੂਹੀ, ਮਃ 3)
Keeping Almighty enshrined within her heart, her affairs are arranged and resolved; through the Guru's Teachings, she knows her Lord.

ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ; ਪਾਇਆ ਕਰਮ ਬਿਧਾਤਾ ॥ (772-3, ਸੂਹੀ, ਮਃ 3)
My Beloved has enticed my mind; I have obtained Almighty, the Architect of Destiny.

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ; ਹਰਿ ਵਸਿਆ ਮੰਨਿ ਮੁਰਾਰੇ ॥ (772-4, ਸੂਹੀ, ਮਃ 3)
Serving the True Guru, she finds lasting peace; Almighty, the Destroyer of pride, dwells in her mind.

ਨਾਨਕ , ਮੇਲਿ ਲਈ ਗੁਰਿ ਅਪੁਨੈ ;
ਗੁਰ ਕੈ ਸਬਦਿ ਸਵਾਰੇ ॥੪॥੫॥੬॥ (772-4, ਸੂਹੀ, ਮਃ 3)

Guru Nanak says, she merges with her Guru, embellished and adorned with Guru's Shabad. ||4||5||6||

ਸੂਹੀ , ਮਹਲਾ ੩ ॥ (772-5)

Salok, Third Mahala:

ਸੋਹਿਲੜਾ ਹਰਿ ਰਾਮ ਨਾਮੁ ; (ਸੋਹਿਲ-ੜਾ ਬੋਲੋ)
ਗੁਰ ਸਬਦੀ ਵੀਚਾਰੇ ਰਾਮ ॥ (772-5, ਸੂਹੀ, ਮਃ 3)

The song of joy is Almighty's Name (Naam); contemplate it, through Guru's Shabad.

ਹਰਿ ਮਨੁ ਤਨੋ ਗੁਰਮੁਖਿ ਭੀਜੈ ; ਰਾਮ ਨਾਮੁ ਪਿਆਰੇ ਰਾਮ ॥ (772-6, ਸੂਹੀ, ਮਃ 3)

The mind and body of the Gurmukh is drenched with Almighty, the Beloved Lord.

ਰਾਮ ਨਾਮੁ ਪਿਆਰੇ , ਸਭਿ ਕੁਲ ਉਧਾਰੇ ; ਰਾਮ ਨਾਮੁ ਮੁਖਿ ਬਾਣੀ ॥ (772-6, ਸੂਹੀ, ਮਃ 3)

Through the Name of the Beloved Lord, all one's ancestors and generations are redeemed; chant the Almighty's Name with your mouth.

ਆਵਣ ਜਾਣ ਰਹੇ , ਸੁਖੁ ਪਾਇਆ ; ਘਰਿ ਅਨਹਦ ਸੁਰਤਿ ਸਮਾਣੀ ॥ (772-7, ਸੂਹੀ, ਮਃ 3)

Comings and goings cease, peace is obtained, and in the home of the heart, one's awareness is absorbed in the unstruck melody of the sound current.

ਹਰਿ ਹਰਿ ਏਕੋ , ਪਾਇਆ ਹਰਿ ਪ੍ਰਭੁ ; ਨਾਨਕ ਕਿਰਪਾ ਧਾਰੇ ॥ (772-7, ਸੂਹੀ, ਮਃ 3)

I have found the One and only Lord. Almighty has showered His Mercy upon Nanak.

ਸੋਹਿਲੜਾ ਹਰਿ ਰਾਮ ਨਾਮੁ ; ਗੁਰ ਸਬਦੀ ਵੀਚਾਰੇ ॥੧॥ (772-8, ਸੂਹੀ, ਮਃ 3)

The song of joy is Almighty's Name (Naam); through Guru's Shabad, contemplate it. ||1||

ਹਮ ਨੀਵੀ , ਪ੍ਰਭੁ ਅਤਿ ਊਚਾ ; ਕਿਉ ਕਰਿ ਮਿਲਿਆ ਜਾਏ ਰਾਮ ॥ (772-8, ਸੂਹੀ, ਮਃ 3)

I am lowly, and God is lofty and exalted. How will I ever meet Him?

ਗੁਰਿ ਮੇਲੀ ਬਹੁ ਕਿਰਪਾ ਧਾਰੀ ; ਹਰਿ ਕੈ ਸਬਦਿ ਸੁਭਾਏ ਰਾਮ ॥ (772-9, ਸੂਹੀ, ਮਃ 3)

The Guru has very mercifully blessed me and united me with Almighty; through the Shabad, the Word of Almighty, I am lovingly embellished.

ਮਿਲੁ ਸਬਦਿ ਸੁਭਾਏ , ਆਪੁ ਗਵਾਏ ; ਰੰਗ ਸਿਉ ਰਲੀਆ ਮਾਣੇ ॥ (772-9, ਸੂਹੀ, ਮਃ 3)

Merging in the Guru's Shabad (Gurbani), I am lovingly embellished; my ego is eradicated, and I revel in joyous love.

ਸੇਜ ਸੁਖਾਲੀ , ਜਾ ਪ੍ਰਭੁ ਭਾਇਆ ; ਹਰਿ ਹਰਿ ਨਾਮਿ ਸਮਾਣੇ ॥ (772-10, ਸੂਹੀ, ਮਃ 3)

My bed is so comfortable, since I became pleasing to God; I am absorbed in Almighty's Name (Naam).

ਨਾਨਕ , ਸੋਹਾਗਣਿ ਸਾ ਵਡਭਾਗੀ ; ਜੇ ਚਲੈ ਸਤਿਗੁਰ ਭਾਏ ॥ (772-11, ਸੂਹੀ, ਮਃ 3)

Guru Nanak says, that soul bride is so very blessed, who walks in harmony with the True Guru's Will.

ਹਮ ਨੀਵੀ , ਪ੍ਰਭੁ ਅਤਿ ਊਚਾ ;
ਕਿਉ ਕਰਿ ਮਿਲਿਆ ਜਾਏ ਰਾਮ ॥੨॥ (772-11, ਸੂਹੀ, ਮਃ 3)

I am lowly, and God is lofty and exalted. How will I ever meet Him? ||2||

ਘਟਿ ਘਟੇ ਸਭਨਾ ਵਿਚਿ ਏਕੋ ; ਏਕੋ ਰਾਮ ਭਤਾਰੋ ਰਾਮ ॥ (772-12, ਸੂਹੀ, ਮਃ 3)

In each and every heart, and deep within all, is the One (Almighty), the Husband Lord of all.

ਇਕਨਾ ਪ੍ਰਭੁ ਦੂਰਿ ਵਸੈ ; ਇਕਨਾ ਮਨਿ ਆਧਾਰੋ ਰਾਮ ॥ (772-12, ਸੂਹੀ, ਮਃ 3)

God dwells far away from some, while for others, He is the Support of the mind.

ਇਕਨਾ ਮਨ ਆਧਾਰੋ , ਸਿਰਜਣਹਾਰੋ ; **(ਸਿਰਜਣ-ਹਾਰੋ ਬੋਲੋ)**
ਵਡਭਾਗੀ ਗੁਰੁ ਪਾਇਆ ॥ (772-13, ਸੂਹੀ, ਮਃ 3)

For some, the Creator Lord is the Support of the mind; He is obtained by great good fortune, through the Guru.

ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ;
ਗੁਰਮੁਖਿ ਅਲਖੁ ਲਖਾਇਆ ॥ **(ਅਲੱਖੁ ਬੋਲੋ)** (772-13, ਸੂਹੀ, ਮਃ 3)

The One (Almighty), the Master, is in each and every heart; the Gurmukh sees the unseen.

ਸਹਜੇ ਅਨਦੁ ਹੋਆ ਮਨੁ ਮਾਨਿਆ ; ਨਾਨਕ , ਬ੍ਰਹਮ ਬੀਚਾਰੇ ॥ (772-14, ਸੂਹੀ, ਮਃ 3)

The mind is satisfied, in natural ecstasy, Guru Nanak says, contemplating God.

ਘਟਿ ਘਟੇ ਸਭਨਾ ਵਿਚਿ ਏਕੋ ; ਏਕੋ ਰਾਮ ਭਤਾਰੋ ਰਾਮ ॥੩॥ (772-14, ਸੂਹੀ, ਮਃ 3)

In each and every heart, and deep within all, is the One (Almighty), the Husband Lord of all. ||3||

ਗੁਰੁ ਸੇਵਨਿ ਸਤਿਗੁਰੁ ਦਾਤਾ ; ਹਰਿ ਹਰਿ ਨਾਮਿ ਸਮਾਇਆ ਰਾਮ ॥ (772-15, ਸੂਹੀ, ਮਃ 3)

Those who serve the Guru, the True Guru, the Giver, merge in Almighty's Name (Naam).

ਹਰਿ ਧੂੜਿ ਦੇਵਹੁ ਮੈ , ਪੂਰੇ ਗੁਰ ਕੀ ;
ਹਮ ਪਾਪੀ ਮੁਕਤੁ ਕਰਾਇਆ ਰਾਮ ॥ (772-16, ਸੂਹੀ, ਮਃ 3)

Dear Almighty, please bless me with the dust of the feet of the Perfect Guru, so that I, a sinner, may be liberated.

ਪਾਪੀ ਮੁਕਤੁ ਕਰਾਏ , ਆਪੁ ਗਵਾਏ ; ਨਿਜ ਘਰਿ ਪਾਇਆ ਵਾਸਾ ॥ (772-16, ਸੂਹੀ, ਮਃ 3)

Even sinners are liberated, by eradicating their egotism; they obtain a home within their own heart.

ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ; ਗੁਰਮਤਿ ਨਾਮਿ ਪ੍ਰਗਾਸਾ ॥ (772-17, ਸੂਹੀ, ਮਃ 3)

With clear unerstanding, the night of their lives passes peacefully; through the Guru's Teachings, Almighty's Name (Naam) is revealed to them.

ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ;
ਨਾਨਕ ਹਰਿ ਮੀਠ ਲਗਾਏ ॥ (772-17, ਸੂਹੀ, ਮਃ 3)

Through Almighty, I am in ecstasy, day and night. Guru Nanak says, Almighty seems sweet.

ਗੁਰੁ ਸੇਵਨਿ ਸਤਿਗੁਰੁ ਦਾਤਾ ;
ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥ (772-18, ਸੂਹੀ, ਮਃ 3)

Those who serve the Guru, the True Guru, the Giver, merge in Almighty's Name (Naam). ||4||6||7||5||7||12||

ਰਾਗੁ ਸੂਹੀ , ਮਹਲਾ ੪ ; ਛੰਤ , ਘਰੁ ੧

Raag Suhi, Fourth Mahala, Chhant, First House:

ੴ ; ਸਤਿਗੁਰ ਪ੍ਰਸਾਦਿ ॥ (773-1)

There is only one Almighty without duality (Eak), life of the entire creation (Ong), creator (kaar), true form in all ages and time dimensions (Sat), destroyer of the darkness of ignorance (Gu) and illuminator of knowledge (Ru), Grace (Persad); i.e. Almighty who is the life form of all is obtainable only with the Guru's grace.

ਸਤਿਗੁਰੁ ਪੁਰਖੁ ਮਿਲਾਇ , ਅਵਗਣ ਵਿਕਣਾ ; (ਵਿੱਕਣਾ ਬੋਲੋ)
ਗੁਣ ਰਵਾ ਬਲਿ ਰਾਮ ਜੀਉ ॥ (773-2, ਸੂਹੀ, ਮਃ 4)

If only I could meet the True Guru, the Primal Being. Discarding my faults and sins, I would chant Almighty's Glorious Praises.

ਹਰਿ ਹਰਿ ਨਾਮੁ ਧਿਆਇ ਗੁਰਬਾਣੀ ;
ਨਿਤ ਨਿਤ ਚਵਾ ਬਲਿ ਰਾਮ ਜੀਉ ॥ (773-2, ਸੂਹੀ, ਮਃ 4)

I meditate on Almighty's Name (Naam). Continuously, continually, I chant Guru's Bani.

ਗੁਰਬਾਣੀ ਸਦ ਮੀਠੀ ਲਾਗੀ ; ਪਾਪ ਵਿਕਾਰ ਗਵਾਇਆ ॥ (773-3, ਸੂਹੀ, ਮਃ 4)

Gurbani always seems so sweet; I have eradicated the sins from within.

ਹਉਮੈ ਰੋਗੁ ਗਇਆ ਭਉ ਭਾਗਾ ; ਸਹਜੇ ਸਹਜਿ ਮਿਲਾਇਆ ॥ (773-3, ਸੂਹੀ, ਮਃ 4)

The disease of egotism is gone, fear has left, and I am absorbed in celestial peace.

ਕਾਇਆ ਸੇਜ ਗੁਰ ਸਬਦਿ ਸੁਖਾਲੀ ; ਗਿਆਨ ਤਤਿ ਕਰਿ ਭੋਗੋ ॥ (773-4, ਸੂਹੀ, ਮਃ 4)

Through Guru's Shabad, the bed of my body has become cozy and beautiful, and I enjoy the essence of spiritual wisdom.

ਅਨਦਿਨੁ ਸੁਖਿ ਮਾਣੇ ਨਿਤ ਰਲੀਆ ; ਨਾਨਕ ਧੁਰਿ ਸੰਜੋਗੋ ॥੧॥ (773-5, ਸੂਹੀ, ਮਃ 4)

